

# ਫ਼ਾਸਲੇ

ਬਲਦੇਵ ਸੀਹਰਾ

ਬਲਦੇਵ ਸੀਹਰਾ ਮੁਹੱਬਤ ਤੇ ਇਸ਼ਕ ਦਾ ਸ਼ਾਇਰ ਹੈ। ਉਹ ਮੁਹੱਬਤ ਦੇ ਹਰ ਰੰਗ ਨੂੰ ਆਪਣੇ ਸ਼ਿਅਰਾਂ 'ਚ ਚਿਤਰਦਾ ਹੈ। ਵਸਲ, ਹਿਜਰ, ਤਾਂਘ, ਤਸੱਵਰ, ਗਿਲਾ, ਸ਼ਿਕਵਾ, ਮਜਬੂਰੀ, ਤੜਪ ਵਰਗਿਆਂ ਵਿਸ਼ਿਆਂ ਨੂੰ ਆਪਣੇ "ਫ਼ਾਸਲੇ" ਗ਼ਜ਼ਲ ਸੰਗ੍ਰਹਿ ਵਿੱਚ ਉਹ ਬੜੇ ਸਹਿਜਮਈ ਤਰੀਕੇ ਨਾਲ਼ ਨਿਭਾਉਂਦਾ ਹੈ।

-ਰਾਜਵੰਤ ਰਾਜ

# ਫ਼ਾਸਲੇ

*ਇਸੇ ਕਲਮ ਤੋਂ :*

ਬਰਫ਼ ਬਣਿਆ ਹਾਂ (ਗ਼ਜ਼ਲ-ਸੰਗ੍ਰਹਿ)

# ਫ਼ਾਸਲੇ

(ਗ਼ਜ਼ਲ-ਸੰਗ੍ਰਹਿ)

**ਬਲਦੇਵ ਸੀਹਰਾ**

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

# *Fasle*

*Ghazals by*

**Baldev Seehra ©**
4383 Boundary Road
Abbotsford B.C. V3G2N3
**CANADA**
Ph : 604-823-6106

**ISBN : 978-93-82852-96-4**

**Rs. 150/-**

**2017**

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

## ਸਮਰਪਣ

ਜ਼ਿੰਦਗੀ ਦੇ ਫ਼ਾਸਲੇ
ਹੰਢਾਉਣ ਵਾਲਿਆਂ ਦੇ
ਨਾਂ

"ਹਸ਼ਰ ਤਕ ਵਧਦੇ ਗਏ ਅਪਣੇ ਵਿਚਾਲੇ ਫ਼ਾਸਲੇ,
ਰਹਿ ਗਏ ਰੀਝਾਂ ਦੇ ਸਾਰੇ ਹੀ ਅਧੂਰੇ ਕਾਫ਼ਲੇ।
ਦੇਰ ਤੋਂ ਦਹਿਲੀਜ਼ ਤੇ ਮੈਂ ਤਾਂ ਖੜਾ ਹੀ ਰਹਿ ਗਿਆ,
ਆਪਣੇ ਦਿਲ ਵਿਚ ਤੂੰ ਦਿੱਤੇ ਨ ਮੈਨੂੰ ਦਾਖਲੇ।"

## ਤਤਕਰਾ


ਉਮਰੋਂ ਲੰਮੀ ਪੀੜ ਦੀ ਸ਼ਾਇਰੀ-ਫਾਸਲੇ *-ਕ੍ਰਿਸ਼ਨ ਭਨੋਟ* ............ 9
ਬਲਦੇਵ ਦੀ ਗ਼ਜ਼ਲਗੋਈ *-ਨਦੀਮ ਪਰਮਾਰ* ............ 14
ਕੁਝ ਸ਼ਬਦ *-ਰਾਜਵੰਤ ਰਾਜ* ............ 17
ਆਪਣੇ ਵੱਲੋਂ *-ਬਲਦੇਵ (ਦੇਵ) ਸੀਹਰਾ*............ 20

ਤਸੱਵਰ ਵਿਚ ਮਿਰੇ ............ 23
ਤਸੱਵਰ ਵਿਚ ਦਿਲ ............ 24
ਤੇਰੇ ਸ਼ਹਿਰ 'ਚ ਯਾਰਾ ............ 25
ਜਿਨ੍ਹਾਂ ਨੇ ਉਮਰ ਭਰ ............ 27
ਕਦੇ ਬੱਦਲ, ਕਦੇ ਮੈਂ ਬਰਫ਼ ............ 28
ਮਿਰੀ ਜ਼ਿੰਦਗੀ ਵਿਚ ਖ਼ੁਸ਼ੀ ............ 30
ਉਹ ਯਾਰਾ ਫ਼ਾਸਲਾ ਅਪਣਾ ............ 31
ਬੁਝ ਰਿਹਾ ਦੀਵਾ ਹਾਂ ............ 33
ਇਹ ਢਲਦੀ ਸ਼ਾਮ ਨੂੰ ............ 34
ਮੈਨੂੰ ਅੱਜ ਵੀ ਤੇਰੀ ............ 35
ਹਿਜਰ ਦੇ ਵਿਚ ਦੀਦਿਆਂ ............ 36
ਕਿਹਾ ਸੀ ਉਸ ਨੇ ਜੋ ਵੀ ............ 37
ਸ਼ਹਿਰ ਤਿਰੇ ਵਿਚ ਮੇਰਾ ਯਾਰ ............ 38
ਕਾਤਲ ਵਾਵਾਂ ਨੇ ਇਹ ............ 39
ਤੂੰ ਹੈਂ ਸਰਘੀ ਦਾ ਸਿਤਾਰਾ ............ 40
ਮੁਹੱਬਤ ਰਹੀ ਬੰਦ ਹਰਫ਼ਾਂ ............ 41
ਯਾਰੋ ਉਧਾਰ ਦੇਣ ਦਾ ............ 42
ਬੜੇ ਤੀਰਥਾਂ ਦੇ ਲਗਾਏ ............ 43
ਨਾ ਬਣਾਇਆ ਓਸਨੇ ਹਮਰਾਜ਼ ............ 44
ਕੀ ਪਤਾ ਕਿੱਥੇ ਕੁ ਮੁਕਣੀ ............ 45
ਕਰ ਕਦੇ ਤਾਂ ਉਸਦੇ ਜਜ਼ਬਾਤ ............ 46
ਮੈਂ ਬਹਾਰਾਂ ਭਾਲਦਾ ਹੀ ਮੁੱਕ ............ 47
ਕਤਲਗਾਹ ਵਿਚ ਮੈਂ ਪਿਆ ............ 48
ਬਿਰਖ ਮੈਂ ਓਹੀ ਜਰਾ ............ 49
ਉਹ ਦਿਖਦਾ ਹੀ ਰਿਹਾ ............ 50
ਮਿਰੀ ਜਾਨ ਖਾਧੀ ਜੁਦਾਈ ............ 51
ਵਾਰ ਕੀਤਾ ਅੱਖ ਦਾ ............ 52
ਬੜੇ ਸੰਗਦਿਲ ਨੇ ਸਮਾਜਾਂ ਦੇ ............ 53
ਮੈਂ ਨਦੀ ਹਾਂ ਮੈਂ ਕਦੇ ਰੁਕਿਆ ............ 54
ਜ਼ਿੰਦਗੀ ਵਿਚ ਹਰ ਕਦਮ ............ 55
ਨੈਣਾਂ ਦੇ ਖੂਹ ਗਿੜਦੇ ............ 56
ਪਾ ਮੁਹੱਬਤ ਹਲਾਲ ਕਰਦਾਂ ............ 57
ਪੀੜ ਜੋ ਮੈਨੂੰ ਤੂੰ ਦਿੱਤੀ ............ 58
ਉਹ ਜ਼ਿੰਦਗੀ ਦੇ ਹਾਦਸੇ ............ 59
ਤੂੰ ਜਿਸ ਦਿਨ ਤੋਂ ਹੈ ਮੇਰੇ ............ 60
ਮੈਂ ਇਕੱਲਾ ਬੈਠ ਕੇ ਹਾਂ ............ 61
ਅਜ਼ਲ ਤੋਂ ਹੀ ਚਲ ਰਿਹਾ ............ 62
ਤਿਰੀ ਖ਼ਾਤਿਰ ਕਦੇ ਬੱਦਲ ਕਦੇ ............ 63
ਇਸ ਪਿਆਰ ਦੇ ਆਲਮ ਵਿਚ ............ 64
ਪਤਝੜ ਦੇ ਵਿਚ ਖਿੜ ਪਿਆ ............ 65
ਜਦ ਵੀ ਤੇਰਾ ਖ਼ਿਆਲ ............ 66
ਮੈਂ ਕਿਸੇ ਬਿਰਖ ਵਾਂਗ ਸੁਕ ............ 67
ਧੜਕਣਾ ਦਿਲ ਦੀ ਹੈ ਇਸ ............ 68
ਹਸ਼ਰ ਤਕ ਵਧਦੇ ਗਏ ............ 69
ਕਿਉਂ ਦੁਖੀ ਹੈ, ਕੌਣ ਕਰਦਾ ............ 70
ਤੂੰ ਜ਼ਿੰਦਗੀ 'ਚ ਮੇਰੇ ਖ਼ੁਸ਼ੀਆਂ ............ 71
ਤੂੰ ਜ਼ੁਲਫ਼ੀਂ ਮੁੱਖ ਲੁਕਾਇਆ ............ 72
ਨਾ ਕਰ ਮਨਮੀਤ ਦੀ ............ 73
ਕੱਲ੍ਹ ਮੈਨੂੰ ਬਿਰਖ ਦਿੱਤੀ ............ 74
ਝੜ ਜਾਣਾ ਹੈ ਆਪਾਂ ਤਾਂ ............ 75
ਕੀ ਕਰ ਲੈਣਾ ਆਪਾਂ ............ 76
ਜ਼ਿੰਦਗੀ ਭਰ ਇੰਝ ਹੀ ............ 77
ਇਹ ਦਰਦ ਕਹਾਣੀ ਉਮਰਾਂ ............ 78
ਕੁਝ ਕੁ ਤੇਰੇ ਪਿਆਰ ਨੇ ............ 79
ਆਪਣਾ ਦਿਲ ਤੂੰ ਸ਼ਮਾਂ ............ 80
ਇਹ ਮੁਹੱਬਤ ਇਸ਼ਕ ਵਿਚ ............ 81
ਮੈਂ ਤਿਰਾ ਦਰਪਣ ਕਦੇ ............ 82
ਉਮਰ ਭਰ ਭੁੱਲਿਆ ਨਹੀਂ ............ 83
ਯਾਦ ਤੇਰੀ ਵਿੱਚ ਮੈਂ ............ 84
ਨੈਣ ਕਰ ਬੈਠੇ ਮੁਹੱਬਤ ............ 85
ਹੁਣ ਕਦੇ ਸੱਜਣ ਜਦੋਂ ਵੀ ............ 86

ਜ਼ਿੰਦਗੀ ਆ ਕੇ ਲਦਾ ਇਸ ............ 87
ਡੰਗਾਂ ਕੁੰਡਲ ਵਿਚ ਮੈਂ ............ 88
ਇਹ ਸਿਆਣੇ ਜਜ਼ਬਾਤ ਨੇ ............ 89
ਤੂੰ ਉਦੇ ਕਿਉਂ ਨਾ ............ 90
ਰਾਤ ਜਾਗੇ ਨੇ ਨੈਣ ............ 91
ਪੀੜ ਗ਼ਮ ਦੀ ਤੂੰ ਹ ............ 92
ਯਾਰ ਦੇਵੇ ਗੁਲਾਬ ਫੁਟ ............ 93
ਕਿਹੜਾ ਆਵੇ ਤੇਰੇ ਬਿਨ ............ 94
ਜਾਂਦ ਲਵਾਂ ਮੈਂ ਕਿਸ ਤਰ੍ਹਾਂ ............ 95
ਅੱਜ ਵੀ ਤੇਰੇ ਮਿਲਣ ਦੀ ............ 96
ਕੁਦਰਤਿ ਦੇ ਮਿੱਠੀ ਤੂੰ ਆਪਣੇ ............ 97
ਕਰੋ ਕੀ ਕੋਸ਼ਿਸ਼ ਜਿਹਨੇ ਉਹ ............ 98
ਜਦ ਉਸਦਾ ਖ਼ਿਆਲ ਆਇਆ ............ 99
ਯਾਰ ਮੇਰੇ ਕਦਮ ਕਰਦੇ ............ 100
ਜ਼ਿਹਨ ਵਿਚ ਇਕ ਹੰਝੂ ............ 101
ਇਕ ਵਾਰੀ ਆਣ ਕੇ ਤੂੰ ............ 102
ਮੈਂ ਤਾ ਦੀਵਿਆ ਮੇਜ਼ ਵਿਚ ............ 103
ਆ ਮਿਰੇ ਜਜ਼ਬਾਤ ਨੂੰ ਸ਼ਾਮਿਲ ............ 104
ਦਿਲ 'ਚ ਦੀਵਾ ਆਸ ਦਾ ............ 105
ਮੈਂ ਤੇਰੀ ਯਾਦ ਵਿਚ ਬੈਠਲ ............ 106
ਹਸਰਤਾਂ ਨੂੰ ਕਹਿ ਦਿਉ, ਦਿਲ ............ 107
ਦੁਨੀਆ ਕੈਸੀ ਪਿਆਰ 'ਚ ............ 108
ਦਿਲ ਮਿਰਾ ਮੁੜ ਮੁੜ ਸਤਾਏ ............ 109
ਜ਼ਿੰਦਗੀ ਵਿਚ ਕੁਝ ਅਜੇਹੇ ............ 110
ਮੈਂ ਅੰਬਰ ਤੋਂ ਟੁੱਟਿਆ ਤਾਰਾ ............ 111
ਆਉਂਦੇ ਨੇ ਯਾਦ ਉਸਦੇ ............ 112
ਕਰਦੇ ਰਹੇ ਹਾਂ ਇੰਤਜ਼ਾਰ ............ 113
ਜੋ ਜ਼ਿੰਦਗੀ ਮਿਰੀ ਵਿਚ ਦਿਉ ............ 114
ਦਰਦ ਮੇਰੇ ਦਾ ਮਸੀਹਾ ............ 115
ਛੱਡ ਦਿੱਤਾ ਹੈ ਮੈਂ ਆਪ ............ 116
ਜ਼ਿੰਦਗੀ ਦੇ ਸਭ ਸਫ਼ੇ ਕਰ ............ 117
ਕੰਮ ਨਹੀਂ ਸਾਡਾ ਆਖ਼ਾ ............ 118
ਮੰਜ਼ਿਲ ਤੇਰੇ ਵਿਚ ਉਡੀਕਦੇ ............ 119
ਹਰ ਮੋੜ 'ਤੇ ਬੈਠ ਆਪਣਾ ............ 120

## ਉਮਰੋਂ ਲੰਮੀ ਪੀੜ ਦੀ ਸ਼ਾਇਰੀ-ਫ਼ਾਸਲੇ

ਸ਼ਾਇਰ ਦਾ ਮਨ ਬੇਹੱਦ ਸੂਖ਼ਮ ਭਾਵੀ ਹੁੰਦਾ ਹੈ, ਇਹ ਪਾਰੇ ਵਾਂਗ ਨਿੱਕੀ ਤੋਂ ਨਿੱਕੀ ਹਰਾਰਤ ਨੂੰ ਵੀ ਮਹਿਸੂਸ ਕਰ ਲੈਂਦਾ ਹੈ। ਹਰ ਘਟਨਾ ਦਾ ਅਸਰ ਹਰ ਵਿਅਕਤੀ ਤੇ ਵੱਖੋ ਵੱਖਰਾ ਹੁੰਦਾ ਹੈ, ਇਕ ਵਿਅਕਤੀ ਨੂੰ ਵਗਦਾ ਲਹੂ ਦੇਖਕੇ ਵੀ, ਕਿਸੇ ਦੀ ਪੀੜ ਦਾ ਅਹਿਸਾਸ ਨਹੀਂ ਹੁੰਦਾ, ਤੇ ਇਕ ਵਿਅਕਤੀ ਕਿਸੇ ਦੀ ਅੱਖ ਵਿਚ ਹੰਝੂ ਦੇਖਕੇ ਹੀ ਪੀੜ ਮਹਿਸੂਸ ਕਰ ਲੈਂਦਾ ਹੈ । ਵੇਦਨਾ ਜਦੋਂ ਸੰਵੇਦਨਾ ਬਣਦੀ ਹੈ, ਤਾਂ ਸ਼ਾਇਰੀ ਦਾ ਆਗਾਜ਼ ਹੁੰਦਾ ਹੈ। ਹੱਸਾਸ ਵਿਅਕਤੀ ਦੀ ਇਹ ਹੋਣੀ ਹੈ ਕਿ ਉਹ ਸਿਰਫ਼ ਅਪਣਾ ਦਰਦ ਹੀ ਨਹੀਂ ਸਗੋਂ ਜ਼ਮਾਨੇ ਭਰ ਦਾ ਦਰਦ ਆਪਣੇ ਮਨ 'ਤੇ ਮਹਿਸੂਸ ਕਰਦਾ ਹੈ। ਸਿਰਜਣਾ ਦੀ ਪ੍ਰਤਿਭਾ ਤਾਂ ਲਹੂ ਵਿਚ ਰਚੀ, ਵਸੀ ਹੁੰਦੀ ਹੈ, ਇਹ ਪੈਦਾ ਨਹੀਂ ਕੀਤੀ ਜਾ ਸਕਦੀ, ਹਾਂ ਇਸ ਨੂੰ ਕਿਸੇ ਛੰਦ ਵਿਸ਼ੇਸ਼ ਵਿਚ ਤਰਤੀਬ ਦੇਣੀ, ਸਿੱਖੀ, ਸਿਖਾਈ ਜਾ ਸਕਦੀ ਹੈ। "ਬਲਦੇਵ ਸੀਹਰਾ" ਦੇ ਲਹੂ ਵਿਚ ਵੀ ਸ਼ਾਇਰੀ ਰਚੀ ਵਸੀ ਹੋਈ ਹੈ, ਭਾਵੇਂ ਇਸਦਾ ਆਗਾਜ਼ ਦੇਰ ਨਾਲ ਹੀ ਹੋਇਆ ਹੈ, ਪਰ ਉਸਦਾ ਦਿਲ ਇਹ ਦਰਦ ਤਾਂ ਸ਼ਾਇਦ ਬਾਲਪੁਣੇ ਤੋਂ ਹੀ ਆਪਣੇ ਅੰਦਰ ਸਾਂਭੀ ਬੈਠਾ ਸੀ, ਜਿਹੜਾ ਮੌਕਾ ਮਿਲਣ ਤੇ ਅਛੋਪਲੇ ਹੀ ਚਸ਼ਮੇ ਵਾਂਗ ਵਹਿ ਤੁਰਿਆ ਹੈ। ਤਦੇ ਹੀ ਤਾਂ ਉਹ ਕਹਿੰਦਾ ਹੈ-

*ਇਹ ਪੀੜ ਕਦੇ ਨਾ ਘਟਦੀ ਹੈ,*
*ਇਹ ਤਾਂ ਮਰ ਜਾਣੀ ਉਮਰਾਂ ਦੀ।*

ਬਲਦੇਵ ਇਹ ਪੀੜ ਹੰਝੂਆਂ ਰਾਹੀਂ ਵਹਾਕੇ ਇਸ ਤੋਂ ਮੁਕਤ ਹੋਣਾ ਚਾਹੁੰਦਾ ਹੈ, ਪਰ ਉਸਦੀ ਇਹ ਬੇਵਸੀ ਹੈ ਕਿ -

*ਬੜੀ ਕੋਸ਼ਿਸ਼ ਕਰੀ ਹੈ ਅੱਥਰੂ ਮੈਂ ਪੀ ਲਵਾਂ ਸਾਰੇ ,*
*ਬੜਾ ਅਫ਼ਸੋਸ ਹਰ ਅੱਥਰੂ ਮਿਰੇ ਤੋਂ ਪੀ ਨਹੀਂ ਹੁੰਦਾ ।*

ਭਲਾ ਸੰਵੇਦਨਸ਼ੀਲ ਤੇ ਕੋਮਲ ਭਾਵੀ ਮਨ ਕਦੇ ਪੀੜ ਤੋਂ ਮੁਕਤ ਹੋ ਸਕਦਾ ਹੈ? ਬਲਦੇਵ ਇਸਦਾ ਉੱਤਰ ਵੀ ਆਪ ਹੀ ਦਿੰਦਾ ਹੈ -

*ਬੀਤ ਰਹੀ ਹੈ ਹੁਣ ਤਾਂ ਮੇਰੀ ਦਰਦਾਂ ਵਿਚ,*
*ਜਨਮਾਂ ਤੀਕਰ ਹੁਣ ਭਟਕਣ ਹੀ ਭਟਕਣ ਹੈ।*

ਮੂਲ ਰੂਪ ਵਿਚ ਬਲਦੇਵ ਮੁਹੱਬਤ ਦਾ ਸ਼ਾਇਰ ਹੈ, ਹਿਜਰ, ਵਸਲ, ਉਡੀਕ, ਇਕਰਾਰ, ਇਨਕਾਰ, ਇਜ਼ਹਾਰ, ਮਿੱਠਾ ਮਿੱਠਾ ਤਕਰਾਰ, ਪਿਆਰ, ਵਫ਼ਾ, ਬੇਵਫ਼ਾਈ, ਪੀੜ, ਮਹਿਬੂਬ ਨਾਲ਼ ਚੁਹਲ, ਨਖਰੇ, ਗਿਲੇ, ਸ਼ਿਕਵੇ, ਦਾ ਇਜ਼ਹਾਰ ਉਸਦੀ ਸ਼ਾਇਰੀ ਦੀ ਜਿੰਦ-ਜਾਨ ਹੈ।

*ਹਿਜਰ ਦੇ ਵਿਚ ਦੀਦਿਆਂ ਦੇ ਸਰ ਭਰੇ ਨੇ ,*
*ਕਿਸ ਤਰ੍ਹਾਂ ਦੱਸਾਂ ਕਿ ਗ਼ਮ ਕਿੰਨੇ ਜਰੇ ਨੇ ।*

*ਯਾਦ ਤਿਰੀ ਇਉਂ ਦਿਲ ਵਿਚ ਆਵੇ ਚੜ੍ਹ ਚੜ੍ਹਕੇ ,*
*ਚੜ੍ਹੀਆਂ ਜੀਕਣ ਘੋਰ ਘਟਾਵਾਂ ਕਹਿਰ ਦੀਆਂ ।*

*ਹਮੇਸ਼ਾਂ ਹੋਰ ਦਰ ਸਾਰੇ ਮੈਂ ਦਿਲ ਦੇ ਭੇੜ ਲੈਂਦਾ ਹਾਂ ,*
*ਕਿ ਜਿਸ ਦਰ ਤੋਂ ਤੂੰ ਆਉਨੈ , ਬੰਦ ਬਸ ਓਹੀ ਨਹੀਂ ਹੁੰਦਾ ।*

*ਇਹ ਇਸ਼ਕ ਦਾ ਮਸਲਾ ਹੈ, ਕੀ ਕੰਮ ਸਿਆਣਪ ਦਾ,*
*ਹੋਵੇ ਜੇ ਸਿਆਣਪ ਵੀ, ਤਾਂ ਵਰਤ ਨਹੀਂ ਹੁੰਦੀ।*

ਬਲਦੇਵ ਦੀ ਸ਼ਾਇਰੀ ਸਮਾਜਿਕ , ਰਾਜਨੀਤਕ , ਆਰਥਿਕ, ਧਾਰਮਿਕ, ਸਰੋਕਾਰਾਂ ਨੂੰ ਆਪਣੇ ਕਲਾਵੇ 'ਚ, ਲੈਂਦੀ ਹੈ।

ਉਹ ਸਮਾਜ ਵਿਚ ਪਸਰੇ ਭ੍ਰਿਸ਼ਟਾਚਾਰ ਪ੍ਰਤੀ ਬੇਹੱਦ ਚਿੰਤਤ ਹੈ-

*ਹਰ ਜਗ੍ਹਾ ਰਿਸ਼ਵਤ ਦਾ ਏਥੇ ਬੋਲਬਾਲਾ ਹੋ ਗਿਆ,*
*ਲੁੱਚਾ ਲਫੰਗਾ ਦੇਵ ਹੁਣ ਪ੍ਰਧਾਨ ਹੈ।*

*ਭਰਦਾ ਕਦੇ ਵੀ ਹਾਕਮਾਂ ਦਾ ਪੇਟ ਨਾ ਹੈ ਦੇਵ,*
*ਰਿਸ਼ਵਤ ਹਰੇਕ ਹਾਲ ਵਿਚ ਏਥੇ ਕਬੂਲ ਹੈ।*

ਇਸਤਰੀ ਦੀ ਹੋ ਰਹੀ ਦੁਰਦਸ਼ਾ ਨੂੰ ਉਹ ਬੜੀ ਸ਼ਿੱਦਤ ਨਾਲ਼ ਮਹਿਸੂਸ ਕਰਦਾ ਹੈ, ਉਸਦੀ ਕਲਮ ਇਸ ਦੰਭ ਦਾ ਪਰਦਾ ਫਾਸ਼ ਕਰਦੀ ਹੈ -

*ਹੁਣ ਸਾੜਨ ਦੀ ਲੋੜ ਨਾ, ਨੂਹਾਂ ਪਾ ਕੇ ਤੇਲ,*
*ਦੇਵ ਤਰੱਕੀ ਕਰ ਲਈ, ਕਬਰ ਬਣਾਈ ਕੁੱਖ।*



ਅਖੌਤੀ ਧਰਮ ਦੇ ਠੇਕੇਦਾਰਾਂ ਨੇ ਇਨਸਾਨ ਨੂੰ ਇਨਸਾਨ ਨਹੀਂ ਰਹਿਣ ਦਿੱਤਾ-

*ਨ ਏਥੇ ਕਿਤੇ ਵੀ ਹੈ ਇਨਸਾਨ ਵਸਦਾ,*
*ਕਿ ਧਰਮਾਂ ਨੇ ਵਲਗਣ ਵਲੀ ਹੈ ਚੁਫ਼ੇਰੇ।*

ਨਿਰੰਤਰ ਸੰਘਰਸ਼, ਉਸਦੀ ਜ਼ਿੰਦਗੀ ਦਾ ਮਕਸਦ ਹੈ। ਸੰਘਰਸ਼ ਬਿਨਾਂ ਉਸਨੂੰ ਜ਼ਿੰਦਗੀ ਬੇਕਾਰ ਲੱਗਦੀ ਹੈ। ਨਿਰੰਤਰ ਸਫ਼ਰ ਵਿਚ ਉਸਦਾ ਯਕੀਨ ਹੈ, ਰੁਕਣਾ ਉਸ ਵਾਸਤੇ ਮੌਤ ਬਰਾਬਰ ਹੈ। ਉਸਦੀ ਸ਼ਾਇਰੀ ਇਸ ਗੱਲ ਦੀ ਤਸਦੀਕ ਕਰਦੀ ਹੈ -

*ਧੜਕਣਾ ਦਿਲ ਦੀ ਹੈ ਇਸ ਗੱਲ ਦੀ ਗਵਾਹ,*
*ਚੱਲਣਾ ਹੀ ਜ਼ਿੰਦਗੀ, ਰੁਕਣਾ ਫਨਾਹ।*

*ਮੈਂ ਨਿਰੰਤਰ ਹੀ ਵਰ੍ਹਾਂਗਾ ਉਮਰ ਭਰ,*
*ਮੈਂ ਹਾਂ ਇਕ ਬੱਦਲ ਅਵਾਰਾ ਦੋਸਤਾ।*

*ਕੀ ਪਤਾ ਕਿੱਥੇ ਕੁ ਮੁੱਕਣੀ ਡਗਰ ਸੀ,*
*ਉਮਰ ਮੇਰੀ ਵਿੱਚ ਨਿਰੰਤਰ ਸਫ਼ਰ ਸੀ।*

ਉਸਦੀ ਜ਼ਿੰਦਗੀ ਵਿੱਚ ਭਾਵੇਂ ਕਿੰਨੀਆਂ ਹੀ ਮੁਸ਼ਕਲਾਂ, ਅੜਚਣਾਂ, ਦੁਸ਼ਵਾਰੀਆਂ ਆਉਣ ਪ੍ਰੰਤੂ ਜ਼ਿੰਦਗੀ ਪ੍ਰਤੀ ਉਸਦਾ ਦ੍ਰਿਸ਼ਟੀਕੋਣ ਆਸ਼ਾਵਾਦੀ ਰਿਹਾ ਹੈ , ਉਹ ਖਿੜੇ ਮੱਥੇ ਹਰ ਮੁਸੀਬਤ ਹਿੰਮਤ ਤੇ ਸਿਦਕ ਦਿਲੀ ਨਾਲ਼ ਸਹਿ ਲੈਂਦਾ · ਉਸਦਾ ਸਬਰ ਹਰ ਮੁਸੀਬਤ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

*ਸਿਦਕ ਰੱਖ ਫਰਹਾਦ ਵਾਂਗੂੰ ਮੈਂ ਸਦਾ,*
*ਨਿੱਤ ਨਵੀਂ ਮੰਜ਼ਿਲ ਮੈਂ ਸਰ ਕਰਦਾ ਰਿਹਾ।*

*ਕੰਡਿਆਂ 'ਤੇ ਹੀ ਗੁਜਾਰੀ ਉਮਰ ਮੈਂ ,*
*ਪੀੜ ਦਾ ਹੁਣ ਤਾਂ ਰਤਾ ਨਾ ਡਰ ਰਿਹਾ।*

*ਉਮਰ ਭਰ ਚੱਲਦਾ ਰਿਹਾ ਇਉਂ ਹੀ ਗ਼ਮਾਂ ਦਾ ਕਾਫ਼ਲਾ ,*
*ਹਰ ਕਦਮ 'ਤੇ ਹੀ ਅਸੀਂ ਝੱਲਦੇ ਰਹੇ ਹਾਂ ਜਲਜਲੇ।*

ਸਾਡੇ ਸਾਰੇ ਸਮਾਜਿਕ ਰਿਸ਼ਤੇ ਗਰਜਾਂ ਨਾਲ ਤੇ ਲੋੜਾਂ ਨਾਲ਼ ਬੱਝੇ ਹੋਏ ਨੇ, ਆਪਣੇ ਆਪਣੇ ਹਿੱਤ ਹੀ ਸਭ ਨੂੰ ਪਿਆਰੇ ਨੇ, ਇਸ ਤਲਖ਼ ਯਥਾਰਥ ਦਾ ਬਲਦੇਵ ਨੂੰ ਵੀ ਤੀਖਣ ਅਹਿਸਾਸ ਹੈ, ਇਸਦਾ ਇਜ਼ਹਾਰ ਉਹ ਬੜੀ ਬੇਬਾਕੀ ਨਾਲ਼ ਕਰਦਾ ਹੈ-

*ਮੈਂ ਓਹੀ ਬਿਰਖ ਹਾਂ ਜਿਸਨੇ ਕਰੀ ਤੈਨੂੰ ਕਦੇ ਛਾਂ,*
*ਤੂੰ ਮੇਰਾ ਆਪਣਾ ਹੋ ਕੇ, ਮਿਰੇ ਵੱਢੇ ਤਣੇ ਨੇ।*

*ਉਨ੍ਹਾਂ ਹਰ ਮੋੜ 'ਤੇ ਮੈਨੂੰ ਹੈ ਦਾਅ ਲਾਈ,*
*ਭੁਲੇਖਾ ਸੀ ਮਿਰਾ, ਇਹ ਸ਼ਤਰੂ ਹੋਣਾ।*

*ਦੇ ਕੇ ਉਧਾਰ ਫਿਰ ਸਭੇ ਰਿਸ਼ਤੇ ਭੁਲਾ ਦਿਉ,*
*ਹੋਣਾ ਉਧਾਰ ਦਾ ਨਹੀਂ ਪੈਸਾ ਵਸੂਲ ਹੈ।*

ਸਾਡੀ ਕਹਿਣੀ ਤੇ ਕਰਨੀ 'ਚ ਹਮੇਸ਼ਾਂ ਅੰਤਰ ਰਿਹਾ ਹੈ, ਯਾਨੀ "ਮਨ ਹੋਰ ਮੁੱਖ ਹੋਰ।" ਸਿਧਾਂਤਕ ਤੌਰ 'ਤੇ ਅਸੀਂ ਜਿਸ ਸਿਧਾਂਤ ਦੀਆਂ ਡੀਂਗਾਂ ਮਾਰਦੇ ਨਹੀਂ ਥੱਕਦੇ, ਵਿਹਾਰਕ ਤੌਰ 'ਤੇ ਅਸੀਂ ਉਸ 'ਤੇ ਅਮਲ ਨਹੀਂ ਕਰਦੇ। ਇਸ ਦੰਭ ਨੂੰ ਵੀ ਸ਼ਾਇਰ ਨੰਗਾ ਕਰਨੋ ਨਹੀਂ ਝਿਜਕਦਾ -

*ਭਗਤ ਸਿੰਘ ਦਾ ਬਥੇਰੇ ਨਾਮ ਲੈਂਦੇ ,*
*ਮਗਰ ਨਾ ਉਸ ਜਿਹਾ ਇਨਸਾਨ ਲੱਭੇ।*

ਸ਼ਹਿਰੀਕਰਣ ਨੇ ਸਾਡੇ ਰਿਸ਼ਤਿਆਂ ਵਿਚਲੀ ਅਪਣੱਤ ਲਗਪਗ ਖ਼ਤਮ ਹੀ ਕਰ ਦਿੱਤੀ ਹੈ, ਰਿਸ਼ਤਿਆਂ ਵਿਚ ਉਹ ਨਿੱਘ ਨਹੀਂ ਰਿਹਾ।

*ਸ਼ਹਿਰ ਤੇਰਾ ਰਾਸ ਨਾ ਆਇਆ ਕਦੇ ,*
*ਓਪਰਾਪਣ ਸ਼ਹਿਰ ਤੇਰੇ ਦੀ ਹੈ ਰੀਤ।*

"ਗ਼ਜ਼ਲ" ਵਿੱਚ ਬਹਿਰ ਵਜਨ ਦਾ ਹੋਣਾ ਲਾਜਮੀ ਹੈ, ਕਿਉਂ ਕਿ ਬੇਬਹਿਰ ਤੇ ਬੇਵਜ਼ਨੀ ਰਚਨਾ ਗ਼ਜ਼ਲ ਨਹੀਂ ਕਹਾਉਂਦੀ, ਪਰ ਸਿਰਫ਼ ਬਹਿਰ ਵਜ਼ਨ ਨਿਭਾਉਂਦਿਆਂ ਇਹ ਖਿਆਲ ਰੱਖਣਾ ਜਰੂਰੀ ਹੁੰਦਾ ਹੈ ਕਿ ਇਹ ਕੇਵਲ ਤੁਕਬੰਦੀ ਹੋ ਕੇ ਹੀ ਨਾ ਰਹਿ ਜਾਵੇ। ਗ਼ਜ਼ਲ ਵਿਚ ਸਮਿਗੀ ਗੁਣਾਂ ਦਾ ਹੋਣਾ ਬਹੁਤ ਜਰੂਰੀ ਹੈ,

ਇਸ ਪੱਖੋਂ, ਹਥਲੇ "ਗ਼ਜ਼ਲ ਸੰਗ੍ਰਹਿ" ਫ਼ਾਸਲੇ ਵਿਚ ਅਨੇਕਾਂ ਕਾਵਿ-ਗੁਣ ਮਿਲਦੇ ਹਨ। ਕੁਝ ਸ਼ਿਅਰ, ਇਹਨਾ ਗੁਣਾ ਦੀ ਪੁਸ਼ਟੀ ਕਰਣ ਵਾਸਤੇ ਪੇਸ਼ ਹਨ-



*ਖ਼ਲਾਅ ਜੀਵਨ 'ਚ ਤਾਂ ਮੇਰੇ ਰਿਹੈ ਆਕਾਸ਼ ਵਾਂਗੂੰ,*
*ਮੈਂ ਸਾਰੀ ਉਮਰ ਹੀ ਰਾਤਾਂ ਨੂੰ ਬਸ ਤਾਰੇ ਗਿਣੇ ਨੇ।*

*ਦੇਵ ਤੇਰੇ ਹੁਸਨ ਦਾ ਪਾਣੀ ਭਰੇਗਾ ਦੇਰ ਤਕ,*
*ਬਸ ਮੁਹੱਬਤ ਨਾਲ਼ ਤੂੰ ਕੇਰਾਂ ਬੁਲਾ ਕੇ ਦੇਖ ਲੈ।*

(ਮੁਹਾਵਰੇਬੰਦੀ)

*ਰੇਤ ਉੱਤੇ ਨ ਭਾਲ ਪੈੜਾਂ ਤੂੰ,*
*ਰੇਤ ਹੈ, ਰੇਤ ਨੇ ਤਾਂ ਉੱਡ ਜਾਣਾਂ।*

(ਤਕਰਾਰ)

*ਦੌੜ ਇਉਂ ਨ ਤੂੰ ਮਗਰ ਸਾਏ ਦੇ,*
*ਦਿਨ ਢਲੇ ਏਸ ਨੇ ਵੀ ਲੁਕ ਜਾਣਾ।*

(ਰਮਜ)

*ਜਦੋਂ ਫੁੱਲ ਖਿੜਨਗੇ ਤਾਂ ਰੁਮਕਣਾਂ ਪੌਣਾਂ,*
*ਉਦੋਂ ਜਜ਼ਬਾਤ ਦੀ ਹੈ ਗੁਫ਼ਤਗੂ ਹੋਣਾ।*

(ਖ਼ੂਬਸੂਰਤ ਅੰਦਾਜ਼- ਏ -ਬਿਆਨ)

*ਮੈਂ ਜ਼ਰਾ ਕਮਜ਼ੋਰ ਤਾਂ ਹੋਇਆਂ ਜ਼ਰੂਰ,*
*ਮੈਂ ਵੀ ਜੈਮਲ ਵਾਂਗ ਪਰ ਝੁਕਿਆ ਨਹੀਂ।*

(ਤਲਮੀਹ)

*ਵਾਰ ਕੀਤਾ ਅੱਖ ਦਾ ਦਿਸਦਾ ਭਲਾ,*
*ਜ਼ਖ਼ਮ ਦਿਲ ਦਾ ਵੈ ਕਦੇ ਭਰਿਆ ਭਲਾ।*

(ਸੋਖੀ)

"ਗ਼ਜ਼ਲ" ਇਕ ਅਜੇਹਾ ਕਾਵਿ-ਰੂਪ ਹੈ, ਜਿਸ ਵਿਚ ਰੂਪਕ ਪੱਖ ਦਾ ਵੀ ਵਿਸ਼ੇਸ਼ ਮਹੱਤਵ ਹੈ। "ਬਲਦੇਵ ਸੀਹਰਾ" ਨੇ ਇਸ ਗ਼ਜ਼ਲ ਸੰਗ੍ਰਹਿ ਵਿਚ ਕਈ ਬਹਿਰਾਂ ਸਫ਼ਲਤਾ ਸਾਹਿਤ ਨਿਭਾਈਆਂ ਨੇ, ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਗ਼ਜ਼ਲ ਦੇ ਰੂਪਕ ਪੱਖ ਤੋਂ ਵੀ ਅਵੇਸਲਾ ਨਹੀਂ।

ਮੇਰਾ ਪੂਰਾ ਯਕੀਨ ਹੈ ਕਿ ਇਹ ਗ਼ਜ਼ਲ ਸੰਗ੍ਰਹਿ, "ਫ਼ਾਸਲੇ" ਨਾਲ਼ ਉਹ ਪੰਜਾਬੀ ਗ਼ਜ਼ਲ 'ਚ ਆਪਣਾ ਵਿਸ਼ੇਸ਼ ਥਾਂ ਬਣਾ ਲਵੇਗਾ। ਇਸੇ ਉਮੀਦ ਨਾਲ-

ਕ੍ਰਿਸ਼ਨ ਭਨੋਟ
ਸਰੀ - ਕਨੇਡਾ
ਅਕਤੂਬਰ 3- 2016

## ਬਲਦੇਵ ਦੀ ਗ਼ਜ਼ਲਗੋਈ

"ਬਰਫ਼ ਬਣਿਆ ਹਾਂ" ਬਲਦੇਵ ਸੀਹਰੇ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਸੀ ਜੋ 2004 ਵਿਚ ਪ੍ਰਕਾਸ਼ਿਤ ਹੋਇਆ। ਹੱਥਲਾ ਗ਼ਜ਼ਲ ਸੰਗ੍ਰਹਿ "ਫ਼ਾਸਲੇ" ਉਸਦਾ ਦੂਜਾ ਗ਼ਜ਼ਲ ਸੰਗ੍ਰਹਿ ਹੈ। ਪਹਿਲੇ ਗ਼ਜ਼ਲ ਸੰਗ੍ਰਹਿ ਵਿਚ ਬਹੁਤੀਆਂ ਗ਼ਜ਼ਲਾਂ ਦੇ ਸ਼ਿਅਰ ਦਾ ਵਿਸ਼ਾ- ਪਿਆਰ ਦਾ ਇਜ਼ਹਾਰ ਤੇ ਮੁਹੱਬਤ ਸਬੰਧੀ ਸਾਰੇ ਮਸਲੇ ਬਿਰਹਾ, ਗਿਲੇ ਸ਼ਿਕਵੇ ਆਦਿ, ਕਿਸੇ ਨੂੰ ਹਰ ਹੀਲੇ ਬਹਾਨੇ, ਆਪਣੀ ਮੁਹੱਬਤ ਤੇ ਪਿਆਰ ਦਾ ਕਾਇਲ ਬਣਾਉਣਾ ਦਾ ਯਤਨ ਦਾ ਬਹੁਤ ਸੁੰਦਰ ਤੇ ਦਿਲ ਖਿਚਵਾਂ ਉਪਰਾਲਾ ਸੀ। ਜਿਵੇਂ ਉਹ ਇਸ ਗ਼ਜ਼ਲ ਸੰਗ੍ਰਹਿ ਵਿਚ ਕਹਿੰਦਾ ਹੈ:

*ਬਰਫ਼ ਬਣਿਆ ਹਾਂ ਪਾਣੀ ਬਣਿਆ ਹਾਂ*
*ਮੈਂ ਤਾਂ ਤੇਰੀ ਕਹਾਣੀ ਬਣਿਆ ਹਾਂ*

*ਹਰ ਜਨਮ ਮੈਂ ਉਧਾਰੇ ਸਾਹ ਲੈ ਕੇ*
*ਇਕ ਬਸ ਤੇਰਾ ਹਾਣੀ ਬਣਿਆ ਹਾਂ*

*ਬਸ ਸਵਾਗਤ ਤਿਰਾ ਹੀ ਕਰਨੇ ਨੂੰ*
*ਮੈਂ ਤਾਂ ਫੁਲਾਂ ਦੀ ਟਹਿਣੀ ਬਣਿਆ ਹਾਂ*

ਬਹੁਤ ਖ਼ੂਬ! ਕਿਆ ਬਾਤ ਹੈ!

"ਫ਼ਾਸਲੇ" ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਦਾ [illegible], ਜਨਮ ਦੇ, ਦੇਸ ਦੇ ਹਿੱਤ ਤੇ ਉਥੇ ਦੀ ਬੇ-ਕਾਨੂੰਨੀ ਹਾਲਾਤ ਤੇ ਹੋ ਰਹੇ ਮਨੁੱਖੀ ਜੀਵਨ ਵਿਨਾਸ਼ ਤੋਂ ਇਲਾਵਾ ਪਿਆਰ ਦਾ ਇਜ਼ਹਾਰ ਹੀ ਹੈ। ਪਰ ਇਸ ਵਿਚ ਮਹਿਬੂਬਾ ਦੀ ਦੂਰੀ, ਬੇਰੁਖ਼ੀ ਤੇ ਆਪਣੀ ਉਸ ਨੂੰ ਹਰ ਹੀਲੇ ਬਹਾਨੇ ਪਾਉਣ ਦੀ ਦ੍ਰਿੜਤਾ ਦੀ ਝਲਕ ਵੀ ਨਮਾਇਆ ਹੈ। ਜਿਸ ਦਾ ਬਿਆਨ ਉਹ ਇਸ ਤਰ੍ਹਾਂ ਕਰਦਾ ਹੈ

*ਬੜੀ ਕੋਸ਼ਿਸ਼ ਕਰੀ ਹੈ ਅੱਥਰੂ ਮੈਂ ਪੀ ਲਵਾਂ ਸਾਰੇ*
*ਬੜਾ ਅਫ਼ਸੋਸ ਹਰ ਅੱਥਰੂ ਮਿਰੇ ਤੋਂ ਪੀ ਨਹੀਂ ਹੁੰਦਾ*



ਦੋਹਾਂ ਸੰਗ੍ਰਹਿਾਂ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਅੰਤਰ ਹੈ ਵੀ ਤੇ ਨਹੀਂ ਵੀ। ਜੇ ਕੋਈ ਫ਼ਰਕ ਹੈ ਤਾਂ ਉਹ ਹੈ ਤਰਲਾ, ਮਹਿਬੂਬ ਨੂੰ ਪਾਉਣ ਦੀ ਅਸਫ਼ਲਤਾ ਤੇ ਉਸ ਲਈ ਜੀਉਣ ਦੀ ਲਾਲਸਾ ਦਾ। ਮਹਿਬੂਬ ਦੇ ਨਾਲ਼ ਵੀ ਤੇ ਉਸ ਤੋਂ ਬਿਨਾਂ ਵੀ। ਜਿਵੇਂ:

*ਹਮੇਸ਼ਾ ਹੋਰ ਦਰ ਸਾਰੇ ਮੈਂ ਦਿਲ ਦੇ ਭੇੜ ਲੈਂਦਾ ਹਾਂ*
*ਕਿ ਜਿਸ ਦਰ 'ਚੋਂ ਤੂੰ ਆਉਨਾ ਬੰਦ ਬਸ ਓਹੀ ਨਹੀਂ ਹੁੰਦਾ*

ਵਿਸ਼ੇ ਦੀ ਗੱਲ ਨੂੰ ਛੱਡ ਕੇ ਜਦੋਂ ਗ਼ਜ਼ਲਾਂ ਦੀ ਬਣਤਰ ਤੇ ਬੁਣਤਰ ਨੂੰ ਦੇਖਦੇ ਹਾਂ ਤਾਂ ਪਤਾ ਨਹੀਂ ਕਿਉਂ, ਪੰਜਾਬੀ ਗ਼ਜ਼ਲ ਦਾ ਖ਼ਿਆਲ ਮਲੋਮੱਲੀ ਤੁਹਾਡੇ ਜ਼ਿਹਨ ਵਿਚ ਗੇੜੇ ਕੱਢਣ ਲੱਗ ਜਾਂਦਾ ਹੈ। ਤੁਸੀਂ ਇਹ ਵਿਕਾਸ ਬਲਦੇਵ ਦੇ ਗ਼ਜ਼ਲ ਸੰਗ੍ਰਹਿ ਵਿਚ ਬੜੀ ਆਸਾਨੀ ਨਾਲ਼ ਦੇਖ ਸਕਦੇ ਹੋ। ਚਲੋ ਇਸ ਵਿਚ ਮੈਂ ਤੁਹਾਡੀ ਕੁਝ ਮਦੱਦ ਕਰ ਦਿੰਦਾ ਹਾਂ। ਲਓ ਦੇਖੋ ਇਹ ਛੋਟੀ ਬਹਿਰ ਦੀ ਛੋਟੀ ਜਹੀ ਗ਼ਜ਼ਲ।

*ਕਿਹੜਾ ਆਖੇ ਤੇਰੇ ਬਿਨ ਮਰ ਜਾਵਾਂਗਾ*
*ਮੈਂ ਤਾਂ ਪੀ ਸਾਰੇ ਗ਼ਮ ਦੇ ਸਾਗਰ ਜਾਵਾਂਗਾ*

*ਮੈਂ ਨਾ ਮਿਟਣਾ ਤੂੰ ਲੱਖ ਵਾਰੀ ਵੇਖ ਮਿਟਾ ਕੇ*
*ਟੁੱਟ ਕੇ ਵੀ ਤਾਰੇ ਵਾਂਗ ਲੋਅ ਕਰ ਜਾਵਾਂਗਾ*

*ਝੱਲੇ ਨੇ ਮੈਂ ਫੱਟ ਬਥੇਰੇ ਜੋ ਤੂੰ ਲਾਏ*
*ਹੱਸ ਕੇ ਮੈਂ ਸਾਰੇ ਦੇ ਸਾਰੇ ਜਰ ਜਾਵਾਂਗਾ*

*ਲੱਖ ਵਿਛਾ ਰਸਤੇ ਵਿਚ ਕੰਕਰ ਕੰਡੇ ਥੋਰਾਂ*
*ਛਾਲੇ ਛਾਲੇ ਪੈਰ ਇਨ੍ਹਾਂ 'ਤੇ ਧਰ ਜਾਵਾਂਗਾ*

*ਗੌਤਮ ਵਾਂਗੂੰ ਦੇਵ ਜੇ ਤੁਰਿਆ ਤੇਰੇ ਦਰ ਤੋਂ*
*ਮੁੜਕੇ ਫ਼ੇਰ ਕਦੇ ਨਾ ਤੇਰੇ ਦਰ ਆਵਾਂਗਾ*

ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਇਸ ਗ਼ਜ਼ਲ ਸੰਗ੍ਰਹਿ ਵਿਚ ਹਨ।

ਕਿਹਾ ਜਾਂਦਾ ਹੈ ਕਿ, ਇਕ ਗ਼ਜ਼ਲਗੋ ਦਾ ਆਸ਼ਿਕ ਮਜ਼ਾਜ ਹੋਣਾ

ਕੁਦਰਤੀ ਵਤੀਰਾ ਹੈ ਪਰ, ਜ਼ਰੂਰੀ ਨਹੀਂ। ਉਹ ਆਸ਼ਿਕ ਮਜ਼ਾਜ ਹੁੰਦਿਆਂ ਵੀ ਆਪਣੇ ਚੌਗਿਰਦੇ ਵਿਚ ਵਾਪਰ ਰਹੀਆਂ- ਸੋਜ਼ ਦੇ ਦਿਲ ਪਸੀਜਣ ਵਾਲੀਆਂ ਘਟਨਾਵਾਂ, ਮਨੁੱਖੀ ਜੀਵਨ ਤੇ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਤੋਂ ਵੀ ਮੁਤਾਸਰ ਹੋ ਸਕਦਾ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ ਬਲਦੇਵ ਨੇ ਵੀ ਕੁਝ ਇਸ ਤਰ੍ਹਾਂ ਕਰ ਦਿਖਾਇਆ ਹੈ।

ਲਓ ਗ਼ਜ਼ਲ ਦੀ ਜ਼ੁਬਾਨ ਵਿਚ ਗ਼ਜ਼ਲ ਦਾ ਸਹੀ ਸ਼ਿਅਰ ਪੜ੍ਹੋ:

*ਜੋ ਬਹਾਰਾਂ ਵਿਚ ਰੁੱਖ ਨਾ ਮੌਲਿਆ*  
*ਇਸ 'ਚ ਕੀ ਦੋਸ਼ ਮਾਲੀ ਦਾ ਭਲਾ*

ਇਸ ਸ਼ਿਅਰ ਵਿਚ ਕਨਾਏ-ਰਮਜ਼ਾਂ ਹਨ। ਇਸ਼ਾਰਾ ਸੰਕੇਤ ਹੈ ਤੇ ਸਾਦਮੁਰਾਦਾ ਬੋਲੀ ਵੀ।

ਮੈਂ ਇੱਥੇ ਤੁਹਾਥੋਂ, ਬਲਦੇਵ ਦੀ ਗ਼ਜ਼ਲਗੋਈ ਤੇ ਤੁਹਾਡੇ ਵਿਚਕਾਰ, ਬਹੁਤੀ ਦੇਰ ਨਾ ਖੜ੍ਹੇ ਰਹਿਣ ਦੀ ਆਗਿਆ ਲਵਾਂਗਾ। ਲਓ, ਮਾਣੋ ਬਲਦੇਵ ਦੀ ਗ਼ਜ਼ਲਗੋਈ।

-ਨਦੀਮ ਪਰਮਾਰ  
*ਬਰਨਬੀ, ਬੀ.ਸੀ.*  
*(604)-298-2920*



## ਕੁਝ ਸ਼ਬਦ

ਕਹਿੰਦੇ ਨੇ ਕਿ ਕਵੀ ਹੋਣਾ ਇੱਕ ਨਿਆਮਤ ਹੈ। ਹਰ ਕੋਈ ਜਣਾ-ਖਣਾ ਪੈਸੇ ਤਾਂ ਕਮਾ ਸਕਦਾ ਹੈ ਪਰ ਕਵੀ ਨਹੀਂ ਹੋ ਸਕਦਾ। ਕਵਿਤਾ, ਕੋਮਲ ਮਨ ਦੀ ਜ਼ਮੀਨ 'ਤੇ ਹੀ ਉਪਜਦੀ ਹੈ। ਇਹ ਜ਼ਮੀਨ ਤੁਹਾਨੂੰ ਪ੍ਰਮਾਤਮਾ ਵੱਲੋਂ ਮਿਲਿਆ ਇੱਕ ਤੋਹਫ਼ਾ ਹੁੰਦੈ ਜੋ ਕਿ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਕਵਿਤਾ ਇੱਕ ਅਜਿਹਾ ਸੰਵਾਦ ਹੈ ਜੋ ਖ਼ੁਦ ਤੋਂ ਸ਼ੁਰੂ ਹੋ ਕੇ ਬ੍ਰਹਿਮੰਡ ਤੀਕਰ ਫੈਲਦਾ ਚਲਿਆ ਜਾਂਦਾ ਹੈ। ਕਵਿਤਾ ਪਨਪਦੀ ਤਾਂ ਜ਼ਰੂਰ ਕਵੀ ਦੇ ਅੰਦਰੋਂ ਹੈ ਪਰ ਇਸ ਦਾ ਆਕਾਰ ਕੁੱਲ ਲੋਕਾਈ ਜਿੰਨਾ ਵਿਸ਼ਾਲ ਹੁੰਦੈ ਤੇ ਇਸ ਨੂੰ ਘੜਨ ਵਾਲਾ ਕਵੀ ਖ਼ੁਦ ਇਸ ਦੇ ਸਾਹਮਣੇ ਇਕ ਜ਼ਰ੍ਹਾ ਬਣ ਕੇ ਰਹਿ ਜਾਂਦਾ ਹੈ। ਕਵਿਤਾ ਦਾ ਹਰ ਰੂਪ ਹੀ ਸਤਿਕਾਰਿਤ ਹੈ ਪਰ ਫਿਰ ਵੀ ਗ਼ਜ਼ਲ ਕਵਿਤਾ ਦੀ ਸਿਰਮੌਰ ਸਿਨਫ਼ ਹੋ ਨਿੱਬੜੀ ਹੈ। ਗ਼ਜ਼ਲ ਦਾ ਖੇਤਰ ਏਨਾ ਕੁ ਵਿਸ਼ਾਲ ਹੈ ਕਿ ਇਸ ਵਿੱਚ ਵਿਚਰਨ ਵਾਲੇ ਬੰਦੇ ਦਾ ਹੋਰ ਕਿਧਰੇ ਜਾਣ ਨੂੰ ਜੀਅ ਨਹੀਂ ਕਰਦਾ। ਕਵਿਤਾ ਦੀਆਂ ਬਾਕੀ ਸਿਨਫ਼ਾਂ ਵੱਲੋਂ ਤਾਂ ਲੋਕ ਗ਼ਜ਼ਲ ਵੱਲ ਨੂੰ ਆਉਂਦੇ ਅਕਸਰ ਸੁਣੀਂਦੇ ਹਨ ਪਰ ਗ਼ਜ਼ਲ ਨੂੰ ਛੱਡ ਕੇ ਕੋਈ ਹੋਰ ਸਿਨਫ਼ ਵੱਲ ਨੂੰ ਜਾਂਦਾ ਕੋਈ ਨਹੀਂ ਸੁਣਿਆ। ਬਲਦੇਵ ਸੀਹਰਾ ਵੀ ਗ਼ਜ਼ਲ ਦੇ ਰਾਹਾਂ ਦਾ ਮੁਸਾਫ਼ਰ ਹੈ। ਉਹ ਗ਼ਜ਼ਲ ਦਾ ਆਸ਼ਿਕ ਵੀ ਹੈ ਤੇ ਉਪਾਸ਼ਕ ਵੀ। ਜੀਵਨ ਦੇ ਮੁੱਢਲੇ ਦਿਨਾਂ ਤੋਂ ਹੀ ਕਵਿਤਾ ਤੇ ਆਸ਼ਿਕ ਹੋਇਆ ਇਹ ਪੰਜਾਬੀ ਮਾਂ ਦਾ ਲਾਡਲਾ ਪੁੱਤਰ ਜ਼ਿੰਦਗੀ ਦੇ ਔਝੜੇ ਰਾਹਾਂ ਥਾਣੀਂ ਚਲਦਾ ਹੋਇਆ ਵੀ ਆਪਣੀ ਇਸ ਮਹਿਬੂਬ ਨੂੰ ਸੀਨੇ ਲਾਈ ਫਿਰਦਾ ਰਿਹਾ। ਬਲਦੇਵ ਸੀਹਰਾ ਮੁਹੱਬਤ ਤੇ ਇਸ਼ਕ ਦਾ ਸ਼ਾਇਰ ਹੈ। ਉਹ ਮੁਹੱਬਤ ਦੇ ਹਰ ਰੰਗ ਨੂੰ ਆਪਣੇ ਸ਼ਿਅਰਾਂ 'ਚ ਚਿਤਰਦਾ ਹੈ। ਵਸਲ, ਹਿਜਰ, ਤਾਂਘ, ਤਸੱਵਰ, ਗਿਲਾ, ਸ਼ਿਕਵਾ, ਮਜਬੂਰੀ, ਤੜਪ ਵਰਗਿਆਂ ਵਿਸ਼ਿਆਂ ਨੂੰ ਆਪਣੇ "ਫ਼ਾਸਲੇ" ਗ਼ਜ਼ਲ ਸੰਗ੍ਰਹਿ ਵਿੱਚ ਉਹ ਬੜੇ ਸਹਿਜਮਈ ਤਰੀਕੇ ਨਾਲ ਨਿਭਾਉਂਦਾ ਹੈ।

*ਇਹ ਦਰਦ ਕਹਾਣੀ ਉਮਰਾਂ ਦੀ।*  
*ਇਹ ਮਰਜ ਪੁਰਾਣੀ ਉਮਰਾਂ ਦੀ।*

*ਇਹ ਪੀੜ ਕਦੇ ਨਾ ਘਟਦੀ ਹੈ,*  
*ਇਹ ਤਾਂ ਮਰ ਜਾਣੀ ਉਮਰਾਂ ਦੀ।*

ਉਪਰੋਕਤ ਸ਼ਿਅਰ ਉਸ ਦੀ ਗ਼ਜ਼ਲ 'ਤੇ ਪਕੜ ਦੀ ਗਵਾਹੀ ਹੀ ਨਹੀਂ ਭਰਦੇ ਬਲਕਿ ਉਸ ਦਿਆਂ ਸ਼ਬਦਾਂ ਵਿਚਲੇ ਸੰਗੀਤ ਨੂੰ ਵੀ ਰੂਪਮਾਨ ਕਰਦੇ ਹਨ।

ਉਹ ਗ਼ਜ਼ਲ ਦੇ ਮਿਜ਼ਾਜ ਨੂੰ ਸਮਝਦਾ ਹੋਇਆ ਗੱਲ ਨੂੰ ਰਮਜ਼ ਵਿੱਚ

ਕਹਿੰਦਾ ਹੋਇਆ ਸ਼ਬਦਾਂ ਦਾ ਜਾਦੂ ਚਲਾਉਣਾ ਜਾਣਦਾ ਹੈ।

*ਜਦੋਂ ਵੀ ਡੱਸਿਆ ਮੈਨੂੰ, ਇਕੱਲਤਾ ਨੇ ਕਦੇ ਤਾਂ,*
*ਮੈਂ ਖ਼ਾਬਾਂ ਵਿਚ ਉਦੋਂ ਤੈਨੂੰ ਬੁਲਾ ਕੇ ਪੀ ਗਿਆ ਹਾਂ।*

*ਤੂੰ ਵਧਦਾ ਘਟਦਾ ਰਹਿੰਦਾ ਏ,*
*ਹਰ ਕੋਨੇ ਤੋਂ ਅਜਮਾਇਆ ਹੈ।*

*ਮੈਂ ਟੁੱਟ ਕੇ ਅੰਬਰੋਂ ਬਸ ਲੀਕ ਬਣਿਆਂ ਹਾਂ,*
*ਕਿ ਲੇਖਾਂ ਵਿਚ ਨਹੀਂ ਲਿਖਿਆ ਧਰੂ ਹੋਣਾ।*

ਮਹਿਬੂਬ ਦੀ ਯਾਦ ਨੂੰ ਸਮਰਪਿਤ ਪਹਿਲੇ ਸ਼ਿਅਰ ਵਿਚਲੇ ਅਹਿਸਾਸ ਨੂੰ ਪੜ੍ਹ ਕੇ ਆਨੰਦ ਆ ਜਾਂਦਾ ਹੈ। ਖ਼ਿਆਲਾਂ ਨੂੰ ਨਾਜ਼ੁਕਤਾ ਪ੍ਰਦਾਨ ਕਰਨੀ ਹੀ ਸ਼ਾਇਰ ਦਾ ਹਾਸਲ ਹੁੰਦਾ ਹੈ ਤਾਂ ਕਿ ਖ਼ਿਆਲ ਨੂੰ ਪੜ੍ਹਦੇ ਸਾਰ ਹੀ ਪਾਠਕ ਅੰਦਰ ਤੱਕ ਹਲੂਣਿਆ ਜਾਵੇ। ਬਲਦੇਵ ਸੀਹਰਾ ਦੇ ਉਪਰੋਕਤ ਸ਼ਿਅਰਾਂ 'ਚੋਂ ਦੂਸਰਾ ਅਤੇ ਤੀਸਰਾ ਸ਼ਿਅਰ ਇਸੇ ਸ੍ਰੇਣੀ ਦੇ ਤਹਿਤ ਆਉਂਦੇ ਹਨ।

ਭਾਵੇਂ ਕਿ ਬਲਦੇਵ ਸੀਹਰਾ ਦੀ ਬਹੁਤੀ ਸ਼ਾਇਰੀ ਮੁਹੱਬਤ ਦੇ ਵੱਖੋ-ਵੱਖਰੇ ਰੂਪਾਂ ਦੁਆਲੇ ਘੁੰਮਦੀ ਹੈ, ਪਰ ਫਿਰ ਵੀ ਉਹ ਗਾਹੇ-ਬਗਾਹੇ ਜ਼ਿੰਦਗੀ ਅਤੇ ਸਮਾਜ ਦੀਆਂ ਕੌੜੀਆਂ ਹਕੀਕਤਾਂ ਦੀ ਗੱਲ ਵੀ ਕਰ ਜਾਂਦਾ ਹੈ।

*ਲੱਭਦਾ ਨਾ ਮੰਦਰਾਂ, ਨਾ ਮਸਜਿਦਾਂ 'ਚੋਂ,*
*ਨੱਕ ਰਗੜਕੇ ਜ਼ਿੰਦਗੀ ਬਰਬਾਦ ਨਾ ਕਰ।*

*ਨ ਏਥੇ ਕਿਤੇ ਵੀ ਹੈ ਇਨਸਾਨ ਦਿਸਦਾ,*
*ਕਿ ਧਰਮਾਂ ਨੇ ਵਲਗਣ ਵਲੀ ਹੈ ਚੁਫੇਰੇ।*

ਉਪਰੋਕਤ ਸ਼ਿਅਰ ਸਾਡੇ ਸਮਾਜ ਦੀ ਤਸਵੀਰ ਦਿਖਾਉਂਦੇ ਜਾਪਦੇ ਹਨ। ਧਰਮ ਦੇ ਨਾਮ ਤੇ ਜੋ ਪਾਖੰਡਵਾਦ ਅਤੇ ਲੋਕਾਂ ਦਾ ਸ਼ੋਸਣ ਹੋ ਰਿਹੈ ਉਸ ਤੋਂ ਵਰਜਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਸ਼ਿਆਂ ਤੇ ਹੋਰ ਅਲਾਮਤਾਂ ਕਾਰਨ ਮਾਪਿਆਂ ਦੇ ਜਵਾਨ ਪੁੱਤ ਜਹਾਨੋਂ ਚਲੇ ਜਾਂਦੇ ਹਨ ਅਤੇ ਮਾਪਿਆਂ ਨੂੰ ਨਾ ਚਾਹੁੰਦੇ ਹੋਏ ਵੀ ਸੁੰਨੀ ਤੇ ਨੀਰਸ ਜ਼ਿੰਦਗੀ ਲੰਘਾਉਣੀ ਪੈਂਦੀ ਹੈ। ਇਸੇ ਤਰ੍ਹਾਂ ਹੀ ਕਾਨੂੰਨ ਅਤੇ ਸਿਸਟਮ ਵਿਚਲੀਆਂ ਖ਼ਾਮੀਆਂ ਦੇ ਖ਼ਿਲਾਫ਼ ਬਲਦੇਵ ਸੀਹਰਾ ਦੀ ਬਾਗ਼ੀ ਸੁਰ ਉਸਦੇ ਸ਼ਿਅਰਾਂ 'ਚੋਂ ਸਾਫ਼ ਝਲਕਦੀ ਹੈ। ਇਨਸਾਨੀਅਤ ਦੇ ਉੱਪਰ ਪੈ ਚੁੱਕੇ ਧਾਰਮਿਕ ਗਲਬੇ ਤੋਂ



ਚਿੰਤਤ ਲੇਖਕ ਕੂਕਦਾ ਹੋਇਆ ਆਪਣੇ ਸ਼ਿਅਰਾਂ ਰਾਹੀਂ ਪਾਠਕ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਪ੍ਰਤੀਤ ਹੁੰਦਾ ਹੈ।

ਇਸ ਤੋਂ ਇਲਾਵਾ ਲੇਖਕ ਪਰਵਾਸ ਵਿੱਚ ਵਿਚਰਦਾ ਹੋਇਆ ਵੀ ਪੰਜਾਬ ਦੀ ਕਿਰਸਾਨੀ ਬਾਰੇ ਚਿੰਤਤ ਹੈ। ਪੰਜਾਬ ਦੀ ਬਠਿੰਡਾ ਬੈਲਟ ਵਿੱਚ ਫੈਲ ਰਹੇ ਕੈਂਸਰ ਦੇ ਰੋਗ ਕਾਰਨ ਕਿਰਸਾਨਾਂ ਦੇ ਪਰਿਵਾਰ ਉੱਜੜ ਰਹੇ ਹਨ। ਬਿਮਾਰੀ ਨੇ ਪਿੰਡਾਂ ਦੇ ਪਿੰਡ ਆਪਣੀ ਮਾਰ ਹੇਠਾਂ ਲੈ ਲਏ ਹਨ। ਜਿਨ੍ਹਾਂ ਦੀ ਬਾਂਹ ਫੜਨ ਕੋਈ ਨਹੀਂ ਬਹੁੜ ਰਿਹਾ, ਅਜਿਹੀ ਸਥਿਤੀ 'ਤੇ ਸ਼ਾਇਰ ਦਾ ਮਨ ਕੁਰਲਾ ਉੱਠਦਾ ਹੈ ਤੇ ਉਹ ਇਸ ਨੂੰ ਆਪਣੇ ਸ਼ਿਅਰ ਰਾਹੀਂ ਕਹਿ ਜਾਂਦਾ ਹੈ ਜਿਵੇਂ:-

*ਉਮਰ ਭਰ ਭਰਦਾ ਰਿਹਾ ਏ, ਪੇਟ ਸਾਰੇ ਜੱਗ ਦਾ,*
*ਆਪ ਹੁਣ ਕੈਂਸਰ ਦਾ ਰੋਗੀ, ਕੁਝ ਘੜੀ ਮਹਿਮਾਨ ਹੈ।*

ਉਸ ਦੀਆਂ ਗ਼ਜ਼ਲਾਂ ਦਾ ਅਧਿਐਨ ਕਰਨ ਤੋਂ ਬਾਅਦ ਮੈਂ ਇਸੇ ਨਤੀਜੇ 'ਤੇ ਪਹੁੰਚਾ ਹਾਂ ਕਿ ਬਲਦੇਵ ਸੀਹਰਾ ਦੀ ਸ਼ਾਇਰੀ ਕੁੱਲ ਲੋਕਾਈ ਦੀ ਸ਼ਾਇਰੀ ਹੈ। ਜੋ ਵੀ ਉਸ ਵਿੱਚ ਡੁੱਬ ਕੇ ਉਸ ਨੂੰ ਪੜ੍ਹੇਗਾ ਉਹ ਆਪਣੇ ਕੰਮ ਦੇ ਮੋਤੀ ਜ਼ਰੂਰ ਲੱਭ ਲਿਆਵੇਗਾ। ਬਲਦੇਵ ਲਿਖਣ ਨੂੰ ਸਮਰਪਿਤ ਹੈ ਤੇ ਸਮਰਪਿਤ ਰਹੇਗਾ। ਉਸ ਦਾ ਕਲਮੀਂ ਸਫ਼ਰ ਜਾਰੀ ਹੈ, ਉਹ ਖ਼ਿਆਲਾਂ ਦੀ ਪਰਵਾਜ਼ ਮਾਣਦਾ ਹੋਇਆ ਆਖਦਾ ਹੈ-

*ਦਿਲ 'ਚ, ਦੀਵਾ ਆਸ ਦਾ ਜਲਦਾ ਰਹੇਗਾ,*
*ਇਹ ਮੁਸਾਫ਼ਰ ਤਾਂ ਸਦਾ, ਚਲਦਾ ਰਹੇਗਾ।*

ਆਖਰ ਵਿੱਚ ਮੈਂ ਆਪਣੇ ਦੋ ਸ਼ਿਅਰ ਬਲਦੇਵ ਸੀਹਰਾ ਜੀ ਦੀ ਕਲਮ ਨੂੰ ਸਮਰਪਿਤ ਕਰਦਾ ਹਾਂ।

*ਕਰ ਸਾਧਨਾ ਗ਼ਜ਼ਲ ਦੀ, ਅਸ਼ਿਆਰ ਸਿਰਜਦਾ ਹਾਂ।*
*ਚੁਪ ਚਾਪ ਸੁਪਨਿਆਂ ਦਾ, ਸੰਸਾਰ ਸਿਰਜਦਾ ਹਾਂ।*

*ਐਵੇਂ ਨਾ ਤਿਤਲੀਆਂ ਹੁਣ, ਘੁੰਮਣ ਮੇਰੇ ਦੁਆਲੇ,*
*ਮੈਂ ਕੈਨਵਸ ਦੇ ਉੱਤੇ, ਗੁਲਜ਼ਾਰ ਸਿਰਜਦਾ ਹਾਂ।*

ਮੈਂ ਆਸ ਕਰਦਾ ਹਾਂ ਕਿ ਬਲਦੇਵ ਸੀਹਰਾ ਦੀ ਗ਼ਜ਼ਲ ਸਾਧਨਾ ਇਝ ਹੀ ਚਲਦੀ ਰਹੇ ਅਤੇ ਗ਼ਜ਼ਲ ਦਾ ਇਹ ਸਹਿ-ਸਵਾਰ ਨਵੀਆਂ ਮੰਜ਼ਲਾਂ ਸਰ ਕਰਦਾ ਰਹੇ।

-ਰਾਜਵੰਤ ਰਾਜ
(778)-895-4891

## ਆਪਣੇ ਵੱਲੋਂ

ਮੇਰਾ ਸਫ਼ਰ ਇਕ ਛੋਟੇ ਜਿਹੇ ਪਿੰਡ ਨੰਗਲ ਖੂੰਗਾ, ਜੋ ਕਿ ਟਾਂਡਾ ਉੜਮੁੜ ਦੇ ਲਾਗੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਥਿਤ ਹੈ ਤੋਂ ਸ਼ੁਰੂ ਹੋਇਆ। ਮੁਢਲੀ ਪੜ੍ਹਾਈ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਟਾਂਡਾ ਉੜਮੁੜ ਤੇ ਗੌਰਮਿੰਟ ਕਾਲਜ ਟਾਂਡਾ ਉੜਮੁੜ ਤੋਂ ਹਾਸਿਲ ਕਰਨ ਉਪਰੰਤ ਮੈਂ ਅੱਗੇ ਪੜ੍ਹਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਚਲਿਆ ਗਿਆ। ਇਥੇ ਬੋਟਨੀ (ਪੌਦਾ ਵਿਗਿਆਨ) ਡਿਪਾਰਟਮੈਂਟ ਵਿਚ ਦਾਖਲਾ ਲੈ ਕੇ ਆਪਣੀ ਵਿਦਿਆ ਐਮ.ਐਸ.ਸੀ. (ਔਨਰਜ਼) ਬੋਟਨੀ ਵਿਚ ਸਮਾਪਤ ਕੀਤੀ।

ਉਸ ਉਪਰੰਤ ਹੀ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26, ਚੰਡੀਗੜ੍ਹ ਵਿਚ ਬੋਟਨੀ ਦੇ ਪ੍ਰੋਫ਼ੈਸਰ ਬਤੌਰ ਆਪਣਾ ਸਫ਼ਰ ਸ਼ੁਰੂ ਕੀਤਾ। ਮੇਰੀ ਪ੍ਰਵਾਸ ਜਾਣ ਦੀ ਇੱਛਾ ਬੜੀ ਹੀ ਪ੍ਰਬਲ ਹੋਣ ਕਾਰਨ ਮੈਂ ਅਕਸਰ ਬਾਹਰਲੇ ਮੁਲਕਾਂ ਵਿਚ ਕਿਸਮਤ ਅਜ਼ਮਾਉਣ ਲੱਗਾ। 1973 ਵਿਚ ਮੈਨੂੰ ਫ਼ੀਜੀ ਆਈਸਲੈਂਡਸ ਵਿਚ ਬਾਈਓਲੋਜੀ ਲੈਕਚਰਾਰ ਦੀ ਨੌਕਰੀ ਮਿਲੀ ਤੇ ਮੈਂ ਫ਼ੀਜੀ ਚਲਾ ਗਿਆ। ਉੱਥੇ ਹੀ ਮੈਂ ਆਪਣੀ ਸਾਹਾਂ ਦੀ ਸਾਥਣ ਰਵਿੰਦਰ ਨੂੰ ਚੰਡੀਗੜ੍ਹ ਤੋਂ ਬੁਲਾ ਕੇ ਵਿਆਹ ਕਰਵਾ ਲਿਆ ਅਤੇ ਇਸੇ ਦੌਰਾਨ ਸਾਡੇ ਘਰ ਬੇਟੇ ਵਿਕਰਮਜੀਤ ਨੇ ਜਨਮ ਲਿਆ।

ਮੇਰੀ ਅਗਾਂਹ ਵਧਣ ਦੇ ਤੀਬਰ ਇੱਛਾ ਨੇ ਮੈਨੂੰ ਕਨੇਡਾ ਵਿਚ ਉੱਚ ਵਿਦਿਆ ਹਾਸਿਲ ਕਰਨ ਲਈ ਮਜ਼ਬੂਰ ਕੀਤਾ ਤੇ ਇਸੇ ਦੌਰਾਨ ਮੈਂ 1982 ਵਿਚ ਸਾਈਮਨ ਫ਼ਰੇਜ਼ਰ ਯੂਨੀਵਰਸਿਟੀ, ਬ੍ਰਿਟਿਸ਼ ਕੋਲੰਮਬੀਆ ਵਿਚ Masters of Pest Management, ਮਾਸਟ੍ਰਜ਼ ਔਫ਼ ਪੈਸਟ ਮੈਨੇਜਮੈਂਟ (ਐਮ.ਪੀ.ਐਮ.) ਦੀ ਡਿਗਰੀ ਕਰਨ ਲਈ ਐਡਮਿਸ਼ਨ ਲੈ ਲਿਆ। ਆਪਣੀ ਪਤਨੀ ਰਵਿੰਦਰ ਸੀਹਰਾ ਤੇ ਛੋਟੇ ਬੱਚੇ ਵਿਕਰਮਜੀਤ ਨਾਲ਼ ਵੈਨਕੂਵਰ ਪਹੁੰਚ ਗਿਆ। ਪੜ੍ਹਦੇ ਸਮੇਂ ਮੈਂ ਸ. ਦੀਦਾਰ ਸਿੰਘ ਬੈਂਸ ਦੇ ਸੰਪਰਕ ਵਿਚ ਆਇਆ ਜੋ ਕੇ ਇਕ ਬਹੁਤ ਵੱਡੇ ਬਿਜ਼ਨਸਮੈਨ ਹਨ ਤੇ ਉਨ੍ਹਾਂ ਨਾਲ਼ ਮੈਨੂੰ ਫਾਰਮ ਮੈਨੇਜਰ ਦਾ ਕੰਮ ਕਰਨ ਦਾ ਮੌਕਾ ਮਿਲਿਆ। ਜ਼ਿੰਦਗੀ ਅਗਾਂਹ ਵਧਦੀ ਗਈ ਤੇ ਸਾਡੇ ਘਰ ਬੇਟੀ ਚੰਨਪ੍ਰੀਤ ਤੇ ਬੇਟੇ ਅਰਸ਼ਜੀਤ ਨੇ ਜਨਮ ਲਿਆ। ਇਸੇ ਦੌਰਾਨ ਮੈਨੂੰ ਮਨਿਸ਼ਟਰੀ ਔਫ਼ ਐਗ੍ਰੀਕਲਚਰ, ਬ੍ਰਿਟਿਸ਼ ਕੋਲੰਬੀਆ ਵਿਚ ਨੌਕਰੀ ਮਿਲੀ। ਸਾਈਮਨ ਫ਼ਰੇਜ਼ਰ ਤੋਂ ਐਮ. ਪੀ.ਐਮ. ਦੀ ਡਿਗਰੀ ਹਾਸਿਲ ਕਰਨ ਮਗਰੋਂ ਮੈਨੂੰ ਵਰਕਸੇਫ਼ ਬੀ.ਸੀ. (ਵਰਕਰਜ਼ ਕੰਪਨਸੇਸ਼ਨ ਬੋਰਡ ਔਫ਼ ਬ੍ਰਿਟਿਸ਼ ਕੋਲੰਬੀਆ) ਵਿਚ ਨੌਕਰੀ ਮਿਲ ਗਈ ਅਤੇ ਮੈਂ ਪਿਛਲੇ 24 ਵਰ੍ਹਿਆਂ ਤੋਂ ਔਕੂਪੇਸ਼ਨਲ ਹੈਲਥ ਐਂਡ ਸੇਫ਼ਟੀ (Occupational Health and Sefety Office) ਔਫ਼ੀਸਰ



ਬਤੌਰ ਸੇਵਾ ਨਿਭਾ ਰਿਹਾ ਹਾਂ।

ਜ਼ਿੰਦਗੀ ਵਿਚ ਮੈਂ ਕਈ ਪੜਾਵਾਂ ਵਿਚੋਂ ਗੁਜ਼ਰਿਆ ਤੇ ਕਈ ਰੰਗ ਵੇਖੇ ਹਨ। ਇਹ ਸੁਭਾਵਿਕ ਹੈ ਕਦੀ ਨਾ ਕਦੀ ਕਿਸੇ ਇਕ ਰੰਗ ਨਾਲ਼ ਪਿਆਰ ਹੋ ਜਾਂਦਾ ਹੈ ਤੇ ਫਿਰ ਉਹ ਉੱਗੜ੍ਹ ਕੇ ਆਉਂਦਾ ਹੈ। ਵਿਆਹ ਤੋਂ ਬਾਅਦ ਮੈਂ ਥੋੜ੍ਹਾ ਬਹੁਤ ਲਿਖਿਆ ਕਰਦਾ ਸੀ ਪਰ ਇਹ ਸ਼ੌਕ ਆਪਣੇ ਅਤੇ ਆਪਣੀ ਸਾਥਣ ਤੱਕ ਹੀ ਸੀਮਤ ਰਿਹਾ। ਮੈਂ ਗਾਹੇ-ਬਗਾਹੇ ਲਿਖਦਾ ਰਿਹਾ ਪਰ ਜ਼ਿੰਦਗੀ ਦਿਆਂ ਹੋਰ ਰੁਝੇਵਿਆਂ ਕਾਰਨ ਇਹ ਸ਼ੌਕ ਮੱਧਮ ਹੀ ਰਿਹਾ। ਕਨੇਡਾ ਆਉਣ ਮਗਰੋਂ ਸੋਚਿਆ ਕਿ ਮੈਂ ਵੀ ਕੁਝ ਰਚਨਾਵਾਂ ਲਿਖਾਂ। ਅਕਸਰ ਮੇਰੀ ਸੁਪੱਤਨੀ ਜਿੰਨ੍ਹਾਂ ਨੇ ਸ਼ਾਸ਼ਤਰੀ ਰਾਗ ਵਿਦਿਆ ਵਿਚ ਬੀ.ਏ. ਕੀਤੀ ਹੋਈ ਹੈ ਉਹ ਕਦੇ ਕਦੇ ਇਨ੍ਹਾਂ ਗ਼ਜ਼ਲਾਂ ਦੀ ਸੋਧ ਕਰਦੇ ਅਤੇ ਰਾਗਾਂ ਵਿਚ ਪਰੋ ਕੇ ਗਾਉਂਦੇ। ਮੈਂ ਅਕਸਰ ਗ਼ਜ਼ਲਾਂ ਲਿਖ ਕੇ ਆਪਣੇ ਦੋਸਤ ਸੰਦੀਪ ਮਾਂਗਟ ਜੀ (ਜੋ ਮੇਰੇ ਨਾਲ਼ ਹੀ ਔਫ਼ਸਿਰ ਵਜੋਂ ਕੰਮ ਕਰ ਰਹੇ ਹਨ) ਨੂੰ ਸੁਣਾਉਂਦਾ ਤੇ ਉਹ ਅਕਸਰ ਮੇਰੀ ਹੌਂਸਲਾ ਅਫ਼ਜਾਈ ਕਰਦੇ।

2010 ਵਿਚ ਮੈਂ ਪਹਿਲਾਂ ਕਾਵਿ-ਸੰਗ੍ਰਹਿ (ਰਚਨਾਵਾਂ) "ਅਧੂਰੇ ਖ਼ਾਬ" ਨਾਂ ਹੇਠ ਪਾਠਕਾਂ ਦੀ ਝੋਲੀ ਪਾਇਆ। ਇਸੇ ਦੌਰਾਨ ਮੈਂ ਪੰਜਾਬੀ ਸਾਹਿਤ ਸਭਾ ਐਬਟਫੋਰਡ (ਰਜਿ:) ਦਾ ਮੈਂਬਰ ਵੀ ਬਣਿਆ ਤੇ ਹੁਣ ਐਗਜ਼ੈਕਟਿਵ ਮੈਂਬਰ ਦੀ ਹੈਸੀਅਤ ਨਾਲ਼ ਆਪਣਾ ਅਹੁਦਾ ਨਿਭਾ ਰਿਹਾ ਹਾਂ। ਸਭਾ ਦਾ ਮੈਂਬਰ ਹੋਣ ਸਦਕਾ ਮੈਂ ਗਾਹੇ ਵਗਾਹੇ ਆਪਣੀਆਂ ਗ਼ਜ਼ਲਾਂ ਬਾਕੀ ਮੈਂਬਰਾਂ ਦੇ ਸਨਮੁੱਖ ਪੇਸ਼ ਕਰਦਾ ਰਹਿੰਦਾ ਹਾਂ। ਮੈਂ 2014 ਵਿਚ ਪਹਿਲਾਂ ਗ਼ਜ਼ਲ ਸੰਗ੍ਰਹਿ "ਬਰਫ਼ ਬਣਿਆ ਹਾਂ" ਪਾਠਕਾਂ ਦੀ ਝੋਲੀ ਪਾਇਆ ਤੇ ਹੁਣ ਮੇਰੀ ਦੂਸਰੀ ਗ਼ਜ਼ਲਾਂ ਦੀ ਪੁਸਤਕ "ਫ਼ਾਸਲੇ" ਉਸਤਾਦ ਕ੍ਰਿਸ਼ਨ ਭਨੋਟ ਜੀ ਦੀ ਸ਼ਗਿਰਦੀ ਹੇਠ ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹਾਂ। ਇਸ ਲਈ ਮੈਂ ਸਾਰੇ ਸੱਜਣਾਂ ਦਾ ਦਿਲੋਂ ਧੰਨਵਾਦੀ ਹੈ ਜਿਨ੍ਹਾਂ ਨੇ ਮੇਰੀਆਂ ਗ਼ਜ਼ਲਾਂ ਪੜ੍ਹੀਆਂ, ਖ਼ੁਰਦਬੀਨ ਨਜ਼ਰਾਂ ਨਾਲ਼ ਘੋਖੀਆਂ, ਸੁਣੀਆਂ ਤੇ ਆਪਣੇ ਉਸਾਰੂ ਸੁਝਾਵਾਂ ਨਾਲ਼ ਮਾਣ ਬਖ਼ਸ਼ਿਆਂ। ਇੱਥੇ ਕੁਝ ਕੁ ਨਾਮ ਬਹੁਤ ਹੀ ਵਰਨਣਯੋਗ ਹਨ, ਜਿਨ੍ਹਾਂ ਦੀ ਬਦੌਲਤ ਇਹ ਦੂਸਰੀ ਗ਼ਜ਼ਲਾਂ ਦੀ ਕਿਤਾਬ "ਫ਼ਾਂਸਲੇ" ਤੁਹਾਡੇ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹਾਂ :

- ਮੇਰੀ ਸਾਥਣ ਰਵਿੰਦਰ ਕੌਰ ਸੀਹਰਾ ਜੀ, ਜਿਨ੍ਹਾਂ ਨੇ ਮੇਰੀਆਂ ਗ਼ਜ਼ਲਾਂ ਨੂੰ ਸੋਧਿਆ ਹੀ ਨਹੀਂ ਸਗੋਂ ਸੁਰਾਂ ਵਿਚ ਪਰੋ ਕੇ ਗਾਇਆ ਵੀ।
- ਮੇਰਾ ਛੋਟਾ ਵੀਰ ਦਵਿੰਦਰ ਪੂਨੀਆ, ਜਿਸ ਨੇ ਮੈਨੂੰ ਗ਼ਜ਼ਲਾਂ ਲਿਖਣ ਲਈ ਪ੍ਰੇਰਿਆ ਅਤੇ ਜਾਗ ਲਾਇਆ।
- ਉਸਤਾਦ ਕ੍ਰਿਸ਼ਨ ਭਨੋਟ ਜੀ ਦਾ ਜਿਨ੍ਹਾਂ ਨੇ ਮੇਰੀ ਉਂਗਲ ਫੜ ਕੇ ਮੈਨੂੰ ਮੰਜ਼ਿਲ ਵਿਖਾਈ ਉੱਤੇ ਮੇਰੀਆਂ ਗ਼ਜ਼ਲਾਂ ਦਾ ਖ਼ਰੜਾ ਪੜ੍ਹਿਆ, ਘੋਖਿਆ, ਸੋਧਿਆ ਤੇ

ਉਸਾਰੂ ਸੁਝਾਵਾਂ ਨਾਲ਼ ਸਨਮਾਨਿਤ ਕੀਤਾ। ਉਨ੍ਹਾਂ ਨੇ ਮੈਨੂੰ ਅਗਾਂਹਵਧੂ ਸੋਚ ਵਿਚ ਲਿਖਣ ਲਈ ਪ੍ਰੇਰਿਤ ਕੀਤਾ। ਉਹ ਇਕ ਬਹੁਤ ਹੀ ਸਤਿਕਾਰਯੋਗ, ਮਿਲਣਸਾਰ, ਸੁਚੱਜੇ ਤੇ ਬੜੇ ਹੀ ਦਿਲਦਾਰ ਅਤੇ ਅਦਬੀ ਇਨਸਾਨ ਹਨ। ਉਨ੍ਹਾਂ ਦੀ ਪਹਿਲੀ ਮਿਲਣੀ ਦਿਲ ਨੂੰ ਛੋਹ ਜਾਂਦੀ ਹੈ। ਉਨ੍ਹਾਂ ਦਾ ਮੈਂ ਦਿਲੋਂ ਮਸ਼ਕੂਰ ਹਾਂ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਕਾਇਲ ਹਾਂ, ਜਿਨ੍ਹਾਂ ਨੇ ਨਾਚੀਜ਼ ਨੂੰ ਮੁਖਬੰਦ ਲਿਖ ਕੇ ਨਿਵਾਜਿਆ ਹੈ।

- ਜਨਾਬ ਨਦੀਮ ਪਰਮਾਰ ਜੀ ਜੋ ਕਿ ਇਕ ਅੰਤਰਰਾਸ਼ਟਰ ਪੱਧਰ ਦੇ ਗ਼ਜ਼ਲਗੋ ਹਨ। ਉਹ ਗ਼ਜ਼ਲਗੋਈ ਦੇ ਬਾਬਾ ਬੋਹੜ ਮੰਨੇ ਜਾਂਦੇ ਹਨ। ਉਨ੍ਹਾਂ ਨੇ ਵੀ ਮੇਰੇ ਖ਼ਰੜੇ ਨੂੰ ਪੜ੍ਹਿਆ ਤੇ ਉਸਾਰੂ ਸੁਝਾਵਾਂ ਨਾਲ਼ ਪ੍ਰੇਰਿਆ। ਮੈਂ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਸਿਹਤ ਨਾਸਾਜ਼ ਹੁੰਦੇ ਹੋਏ ਵੀ ਮੇਰੇ ਲਈ ਕੀਮਤੀ ਵਕਤ ਕੱਢਿਆ ਅਤੇ ਮੇਰੇ ਲਈ ਮੁਖਬੰਦ ਲਿਖ ਕੇ ਮੈਨੂੰ ਮਾਣ ਬਖ਼ਸ਼ਿਆ ਹੈ।
- ਇੱਥੇ ਮੈਂ ਛੋਟੇ ਵੀਰ ਰਾਜਵੰਤ ਬਾਗੜੀ (ਰਾਜ) ਜੀ ਦਾ ਬਹੁਤ ਮਸ਼ਕੂਰ ਹਾਂ, ਜਿਨ੍ਹਾਂ ਨੇ ਛੋਟੀ ਉਮਰ 'ਚ ਹੀ ਗ਼ਜ਼ਲਗੋਈ ਵਿਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਦਾ ਮੇਰੇ ਲਈ ਅਤੇ ਮੇਰੀ ਕਿਤਾਬ ਬਾਰੇ ਕੁੱਝ ਸ਼ਬਦ ਲਿਖਣਾ ਮੇਰੇ ਲਈ ਮਾਣ ਵਾਲੀ ਗੱਲ ਹੈ।
- ਪੰਜਾਬੀ ਸਾਹਿਤ ਸਭਾ ਐਬਸਟਫੋਰਡ (ਰਜਿ.) ਦੇ ਮੈਂਬਰਾਂ ਦਾ ਜਿਨ੍ਹਾਂ ਨੇ ਗ਼ਜ਼ਲਾਂ ਸੁਣ ਕੇ ਉਤਸ਼ਾਹਿਤ ਕੀਤਾ।
- "ਦੇਵ" ਦੂਰ ਦੁਰਾਡੇ ਬੈਠੇ ਸੱਜਣਾਂ ਦਾ ਤਹਿ ਦਿਲੋਂ ਮਸ਼ਕੂਰ ਹੈ, ਜਿਨ੍ਹਾਂ ਦੀ ਪ੍ਰੇਰਣਾ ਤੇ ਉਤਸ਼ਾਹ ਸਦਕਾ ਇਹ ਦੂਜਾ ਗ਼ਜ਼ਲ ਸੰਗ੍ਰਹਿ "ਫ਼ਾਸਲੇ" ਪੂਰਾ ਕਰਨ ਵਿਚ ਦੋਬਾਰਾ ਕਾਮਯਾਬ ਹੋਇਆ ਹਾਂ।

ਲੇਖ਼ਕ ਇਸ ਸਮੇਂ ਆਪਣੀ ਪਤਨੀ, ਬੇਟੇ ਵਿਕਰਮਜੀਤ ਸੀਹਰਾ ਉਸ ਦੀ ਪਤਨੀ ਸਤਪ੍ਰੀਤ ਸ਼ੇਰਗਿੱਲ-ਸੀਹਰਾ ਤੇ ਉਨ੍ਹਾਂ ਦੇ ਦੋ ਬੇਟੇਆਂ ਸਾਹਿਬ ਸ਼ੇਰਗਿੱਲ-ਸੀਹਰਾ, ਅਮਰ ਸ਼ੇਰਗਿੱਲ-ਸੀਹਰਾ, ਬੇਟੀ ਚੰਨਪ੍ਰੀਤ ਢਿੱਲੋਂ, ਉਸਦੇ ਪਤੀ ਅਰਵਿੰਦਰ ਢਿੱਲੋਂ, ਬੇਟੀ ਸੋਹੇਲਾ ਢਿੱਲੋਂ ਅਤੇ ਛੋਟੇ ਬੇਟੇ ਅਰਸ਼ਜੀਤ ਸੀਹਰਾ ਨਾਲ਼ ਕਨੇਡਾ ਵਿਚ ਰਹਿ ਰਿਹਾ ਹੈ।

ਇਹ ਦੂਜੀ ਗ਼ਜ਼ਲਾਂ ਦੀ ਪੁਸਤਕ "ਫ਼ਾਸਲੇ" ਮੈਂ ਪਾਠਕਾਂ ਦੀ ਝੋਲੀ ਪਾ ਰਿਹਾ ਹਾਂ। ਇਹ ਮੇਰੀ ਨਿਜੀ ਸੋਚ ਅਤੇ ਜਜ਼ਬਾਤ ਹਨ। ਪਾਠਕਾਂ ਦਾ ਮੇਰੇ ਜਜ਼ਬਾਤਾਂ ਨਾਲ਼ ਸਹਿਮਤ ਹੋਣ ਕੋਈ ਜ਼ਰੂਰੀ ਨਹੀਂ।

**-ਬਲਦੇਵ (ਦੇਵ) ਸੀਹਰਾ**



❑

ਤਸੱਵਰ ਵਿਚ ਮਿਰੇ ਯਾਰਾ, ਭਲਾ ਕੀ ਕੀ ਨਹੀਂ ਹੁੰਦਾ,
ਸਭੋ ਕੁਝ ਹੀ ਤਾਂ ਹੁੰਦੈ, ਸਿਰਫ਼ ਬਸ ਤੂੰ ਹੀ ਨਹੀਂ ਹੁੰਦਾ।

ਹਮੇਸ਼ਾ ਹੋਰ ਦਰ ਸਾਰੇ ਮੈਂ ਦਿਲ ਦੇ ਭੇੜ ਲੈਂਦਾ ਹਾਂ,
ਜਿਸ ਦਰ ਤੂੰ ਆਉਂਨੈ, ਬੰਦ ਬਸ ਓਹੀ ਨਹੀਂ ਹੁੰਦਾ।

ਕਿਸੇ ਵੀ ਚੀਜ਼ ਦੀ ਨਾ ਘਾਟ ਮੇਰੀ ਜ਼ਿੰਦਗੀ ਦੇ ਵਿਚ,
ਮਗਰ ਫਿਰ ਵੀ ਬਿਨ੍ਹਾ ਤੇਥੋਂ, ਮਿਰੇ ਤੋਂ ਜੀ ਨਹੀਂ ਹੁੰਦਾ।

ਬੜੀ ਕੋਸ਼ਿਸ਼ ਕਰੀ ਹੈ ਅੱਥਰੂ ਮੈਂ ਪੀ ਲਵਾਂ ਸਾਰੇ,
ਬੜਾ ਅਫ਼ਸੋਸ ਹਰ ਅੱਥਰੂ ਮਿਰੇ ਤੋਂ ਪੀ ਨਹੀਂ ਹੁੰਦਾ।

ਨ ਕਰ ਬਦਨਾਮ ਰਿਸ਼ਤਾ, ਆਪਣੀ ਨਾ ਦੱਸ ਮਜਬੂਰੀ,
ਕਿ ਇਸ ਰਿਸ਼ਤੇ 'ਚ, ਮਜਬੂਰੀ ਲਈ ਤਾਂ ਥਾਂ ਹੀ ਨਹੀਂ ਹੁੰਦਾ।

ਮਿਰੇ ਸਾਹ ਵੀ ਹਰਿਕ ਪਲ ਹੀ ਮਿਰੇ ਤੋਂ ਹੋ ਰਹੇ ਰੁਖ਼ਸਤ,
ਮਿਰੇ ਸਾਹਾਂ 'ਚ ਰੁਖ਼ਸਤ ਪਰ ਤੂੰ ਇਕ ਪਲ ਵੀ ਨਹੀਂ ਹੁੰਦਾ।

ਤਿਰੇ ਰੰਗੀਨ ਖ਼ਾਬਾਂ ਦਾ ਸੁਦਾਗਰ ਦੇਵ ਹੈ ਤੇਰਾ,
ਕਿ ਜੀਣੇਂ ਵਾਸਤੇ ਸੁਪਨਾ ਹੀ ਤਾਂ, ਕਾਫ਼ੀ ਨਹੀਂ ਹੁੰਦਾ।

•

□

ਤਸੱਵਰ ਵਿੱਚ ਦਿਲ ਪਰਵਾਜ ਭਰਦੈ,
ਨ ਖਾਬਾਂ ਵਾਸਤੇ ਅਸਮਾਨ ਲੱਭੇ।

ਮਿਲੇ ਰਾਹਾਂ 'ਚ ਤਾਂ ਕਿੰਨੇ ਮੁਸਾਫ਼ਰ,
ਬਣੇ ਮੇਰਾ, ਨ ਮੇਰੀ ਜਾਨ ਲੱਭੇ।

ਭਗਤ ਸਿੰਘ ਦਾ ਬਥੇਰੇ ਨਾਮ ਲੈਂਦੇ,
ਮਗਰ ਨਾ ਉਸ ਜਿਹਾ ਇਨਸਾਨ ਲੱਭੇ।

ਮੈਂ ਦਰਗਾਹੀਂ ਬਥੇਰੇ ਨੱਕ ਰਗੜੇ,
ਮਿਲੇ ਪੱਥਰ ਨ ਪਰ ਭਗਵਾਨ ਲੱਭੇ[

ਜਦੋਂ ਦੇ ਬੇ-ਵਤਨ ਹੋਏ ਹਾਂ ਵਤਨੋਂ,
ਹਰਿੱਕ ਘਰ ਵਿਚ ਹੁਣ ਸੁੰਨਸਾਨ ਲੱਭੇ।

ਇਹ ਕੈਸੀ ਇਸ਼ਕ ਦੀ ਹੈ ਮਰਜ਼ ਲੱਗੀ,
ਨ ਦਾਰੂ ਏਸ ਦਾ ਲੁਕਮਾਨ ਲੱਭੇ।

•



□

ਤੇਰੇ ਸ਼ਹਿਰ 'ਚ ਯਾਰਾ ਕੈਸੀ ਭਟਕਣ ਹੈ।
ਹਰ ਕੂਚੇ ਦੇ ਵਿਚ ਤਿਲਕਣ ਹੀ ਤਿਲਕਣ ਹੈ।

ਤੈਨੂੰ ਮਿਲਣੇ ਦੀ ਇਹ ਕੈਸੀ ਤੜਪਣ ਹੈ,
ਇੱਕ ਪਿਆਸੇ ਨੂੰ ਸਾਗਰ ਦੀ ਭਟਕਣ ਹੈ।

ਤੇਰੇ ਰਾਹ ਵਿਚ ਪੱਥਰ, ਥੋਹਰਾਂ, ਕੰਡੇ ਨੇ,
ਰਾਹਾਂ ਦੇ ਵਿਚ ਬਸ ਅਟਕਣ ਹੀ ਅਟਕਣ ਹੈ।

ਜੇ ਦੀਦਾਰ ਵਖਾਵੇਂ ਤਾਂ ਕੀ ਹਰਜਾ ਹੈ,
ਉਮਰਾਂ ਖ਼ਾਤਿਰ ਫਿਰ ਪਰਗਣ ਹੀ ਪਰਗਣ ਹੈ।

ਸੋਚ ਤਿਰੀ ਦੀ ਉਲਝ ਰਹੀ ਤਾਣੀ ਦੇ ਵਿਚ,
ਵੇਖ ਚੁਫੇਰੇ ਧਰਮਾਂ ਦੀ ਹੀ ਵਲਗਣ ਹੈ।

ਮੇਰੇ ਸਾਹਾਂ ਦਾ ਸਾਥੀ ਤੂੰ ਬਣਿਆਂ ਸੀ,
ਫਿਰ ਕਿਉਂ ਰੁਕਦੀ ਜਾਪੇ ਮੇਰੀ ਧੜਕਣ ਹੈ।

ਬੀਤ ਰਹੀ ਸੀ ਹੱਸ ਕੇ 'ਕੱਲੇ ਦੀ ਮੇਰੀ,
ਕਿਉਂ ਐਵੇਂ ਤੂੰ ਦਿੱਤੀ ਮੈਨੂੰ ਭਟਕਣ ਹੈ।

ਤੈਨੂੰ ਤੇਰਾ ਆਪਾ ਯਾਰ ਦਿਖਾਵਣ ਨੂੰ,
ਬਣਿਆਂ ਅਕਸ ਤਿਰੇ ਦਾ ਕੋਈ ਦਰਪਣ ਹੈ।

ਬੀਤ ਰਹੀ ਹੈ ਹੁਣ ਤਾਂ ਮੇਰੀ ਦਰਦਾਂ ਵਿਚ,
ਜਨਮਾਂ ਤੀਕਰ ਹੁਣ ਕਲਪਣ ਹੀ ਕਲਪਣ ਹੈ।

ਇੱਕ ਵਾਰੀ ਤਾਂ ਮੈਨੂੰ ਬੱਸ ਨਿਹਾਲ ਕਰੋ,
ਨਿੱਤ ਨਿੱਤ ਦੀ ਕੀ ਲਾ ਰੱਖੀ ਇਹ ਕਿਣਮਿਣ ਹੈ।

ਮੇਰੇ ਲੇਖਾਂ ਵਿਚ ਤਾਂ ਤਸ਼ਤਾ ਹੀ ਮਿਲਿਐ,
ਵੇਖ ਜਲਾਦਾ ਹਾਜ਼ਰ ਮੇਰੀ ਗਰਦਣ ਹੈ।

ਕਤਲ ਮਿਰਾ ਕਰ ਜਾਂ ਲਾ ਗਲ, ਤੇਰੀ ਮਰਜ਼ੀ,
ਸਿਰ ਮੇਰਾ, ਤੇਰੇ ਕਦਮਾਂ ਵਿਚ ਹੀ ਅਰਪਣ ਹੈ।

ਲਾਏ ਨੇ ਜੋ ਫੱਟ ਮੁਹੱਬਤ ਵਿਚ ਮੈਨੂੰ,
ਦੇਵ ਨ ਹਸ਼ਰਾਂ ਤੀਕਰ ਮਿਟਣੀ ਤੜਪਣ ਹੈ।

•



❑

ਜਿਨ੍ਹਾਂ ਨੇ ਉਮਰ ਭਰ ਗ਼ਮ ਹੀ ਘਰੇ ਮੇਰੇ ਜਣੇ ਨੇ,
ਗਲੇ ਲਗ ਕੇ ਉਹ ਦੇਖੋ ਅੱਜ ਗ਼ੈਰਾਂ ਦੇ ਬਣੇ ਨੇ।

ਮੈਂ ਓਹੀ ਬਿਰਖ ਹਾਂ ਜਿਸ ਨੇ ਕਰੀ ਤੈਨੂੰ ਕਦੇ ਛਾਂ,
ਤੂੰ ਮੇਰਾ ਆਪਣਾ ਹੋ ਕੇ, ਮਿਰੇ ਵੱਢੇ ਤਣੇ ਨੇ।

ਹਮੇਸ਼ਾਂ ਹੀ ਰਹੀ ਪਤਝੜ ਮਿਰੇ ਜੀਵਨ 'ਚ ਭਾਵੇਂ,
ਪਰੰਤੂ ਫੇਰ ਵੀ ਮੈਂ ਦਿਨ ਬਹਾਰਾਂ ਦੇ ਗਿਣੇਂ ਨੇ।

ਖਲਾਅ ਜੀਵਨ 'ਚ ਮੇਰੇ ਤਾਂ ਰਿਹੈ, ਆਕਾਸ਼ ਵਾਂਗੂੰ,
ਮੈਂ ਸਾਰੀ ਉਮਰ ਹੀ ਰਾਤਾਂ ਨੂੰ ਬਸ ਤਾਰੇ ਗਿਣੇ ਨੇ।

ਮਿਰੀ ਹੁਣ ਉਮਰ ਭਾਵੇਂ ਢਲ ਗਈ ਆਥਣ ਦੇ ਵਾਂਗੂੰ,
ਮੈਂ ਫਿਰ ਵੀ ਆਸ ਦੇ ਚੜ੍ਹਦੇ ਸਦਾ ਸੂਰਜ ਗਿਣੇਂ ਨੇ।

ਨਹੀਂ ਆਵਾਜ਼ ਹੋਈ ਟੁੱਟਿਆ ਮੇਰਾ ਜਦੋਂ ਦਿਲ
ਜਦੋਂ ਦਿਲ ਟੁੱਟ ਗਿਆ ਮੈਂ ਤਾਂ ਉਦੋਂ ਟੋਟੇ ਗਿਣੇ ਨੇ।

ਲਗਾ ਲੈ ਦੇਵ ਨੂੰ ਗਲ ਨਾਲ ਬਾਹਾਂ ਵਿਚ ਲੈ ਕੇ,
ਯੁਗਾਂ ਤੋਂ ਫ਼ਾਸਲੇ ਉਸਨੇ ਤਾਂ ਚਾਹੀਦਾ ਮਿਣੇ ਨੇ।

•

□

ਕਦੇ ਬੱਦਲ, ਕਦੇ ਮੈਂ ਬਰਫ਼, ਪਾਣੀ ਵੀ ਮੈਂ ਬਣਿਆਂ ਹਾਂ,
ਕਦੇ ਮੈਂ ਅਸਤ ਬਣਿਆਂ ਖ਼ੁਦ, ਮਸਾਣੀ ਵੀ ਮੈਂ ਬਣਿਆਂ ਹਾਂ।

ਕਲਮ ਬਣਿਆਂ, ਕਦੇ ਕਾਗ਼ਜ਼, ਕਦੇ ਮੈਂ ਹਰਫ਼ ਬਣ ਬਣ ਕੇ,
ਮੈਂ ਬਣਿਆਂ ਖ਼ੁਦ, ਗ਼ਜ਼ਲ, ਨਗ਼ਮਾ, ਕਹਾਣੀ ਵੀ ਮੈਂ ਬਣਿਆਂ ਹਾਂ।

ਮੈਂ ਤੇਨੂੰ ਮੁੱਦਤਾਂ ਤੋਂ ਮਿਲਣ ਦੀ ਖਾਤਿਰ ਮਿਰੇ ਯਾਰਾ,
ਕਦੇ ਮੈਂ ਫੁੱਲ ਬਣਿਆਂ, ਬਿਰਖ, ਟਾਹਣੀ ਵੀ ਮੈਂ ਬਣਿਆਂ ਹਾਂ।



ਮੈਂ ਤੇਨੂੰ ਯਾਦ ਰੱਖਣ ਵਾਸਤੇ ਹਾਂ ਖਾਬ ਵੀ ਬਣਿਆਂ,
ਕਿਸੇ ਪਲ ਯਾਦ ਉਹ ਤੇਰੀ ਪੁਰਾਣੀ ਵੀ, ਮੈਂ ਬਣਿਆਂ ਹਾਂ।

ਮੈਂ ਤੇਰੀ ਭਾਲ ਵਿਚ ਰੇਤਾ ਤੋਂ ਲੈ ਕੇ ਤਾਰਿਆਂ ਤੀਕਰ,
ਮੈਂ ਬਣਿਆਂ ਅਰਸ਼ ਤੇ ਧਰਤੀ ਨਿਮਾਣੀ ਵੀ ਮੈਂ ਬਣਿਆਂ ਹਾਂ।

ਮੈਂ ਤੇਰਾ ਹਸ਼ਰ ਤੀਕਰ ਹਮਸਫ਼ਰ ਬਣ ਜਾਣ ਦੀ ਖ਼ਾਤਿਰ,
ਸਫ਼ਰ ਮੈਂ ਬਣ ਗਿਆ ਖ਼ੁਦ ਹੀ, ਸਲਾਨੀ ਵੀ ਮੈਂ ਬਣਿਆਂ ਹਾਂ।

ਵਿਛੋੜਾ ਝੱਲਣੇਂ ਦੇ ਵਾਸਤੇ ਐ ਦੋਸਤਾ ਤੇਰਾ,
ਮੈ ਖ਼ੁਦ ਹੀ ਵਸਲ, ਦਰਦਾਂ ਦੀ ਕਹਾਣੀ ਵੀ ਮੈਂ ਬਣਿਆਂ ਹਾਂ।

ਇਹ ਜੰਮਣ ਮਰਨ ਦੇ ਚੱਕਰ ਨੂੰ ਸਮਝਣ ਵਾਸਤੇ ਅਕਸਰ,
ਕਦੇ ਭੰਵਰਾ, ਕਦੇ ਸ਼ੱਮਾਂ, ਪਰਾਣੀ ਵੀ ਮੈਂ ਬਣਿਆਂ ਹਾਂ।

ਇਹ ਤੇਰਾ ਦੇਵ ਸਾਹ ਲੈ ਕੇ ਉਧਾਰੇ ਹਰ ਜਨਮ ਤੈਥੋਂ,
ਮੈਂ ਤੇਰਾ ਅਕਸ ਬਣਿਆਂ ਹਾਂ, ਕਦੇ ਹਾਣੀ ਵੀ ਮੈਂ ਬਣਿਆਂ ਹਾਂ।

•

□

ਮਿਰੀ ਜ਼ਿੰਦਗੀ ਵਿਚ, ਖ਼ੁਸ਼ੀ ਦੀ ਵਜ੍ਹਾ ਸੀ,
ਜਦੋਂ ਤੀਕ ਤੇਰੀ, ਸਵੱਲੀ ਨਿਗ੍ਹਾ ਸੀ।

ਨਜ਼ਰ ਹੋਰ ਸੀ ਜਦ ਉਹ ਮੈਨੂੰ ਮਿਲੇ ਸੀ,
ਨਜ਼ਰ ਨਾਲ਼ ਅਪਣੇ ਉਹ ਕਰਦੇ ਫ਼ਨ੍ਹਾ ਸੀ।

ਉਹ ਬੇਦਰਦ ਕਲਮਾਂ ਵੀ ਪੜ੍ਹਦਾ ਰਿਹਾ ਹੈ,
ਉਹ ਕਰਦਾ ਰਿਹਾ ਜਿੰਦ ਮੇਰੀ ਤਬਾਹ ਸੀ।

ਉਹ ਚਲਿਆ ਗਿਆ ਹੈ ਬੜੀ ਦੂਰ ਮੈਥੋਂ,
ਨਹੀਂ ਦੋਸ਼ ਉਸਦਾ, ਇਹ ਮੇਰੀ ਖ਼ਤਾ ਸੀ।

ਉਦ੍ਹੀ ਝੋਲ ਦੇ ਵਿਚ ਮੈਂ ਡਿੱਗਿਆ ਅਕਾਸ਼ੋਂ,
ਕਿ ਬੁੱਕਲ 'ਚ, ਉਸਨੇ ਨ ਦਿੱਤੀ ਪਨ੍ਹਾ ਸੀ।

ਨਹੀਂ ਸੀ ਜੇ ਮੈਨੂੰ ਕਿਨਾਰੇ ਤੇ ਲਾਉਣਾ,
ਜ਼ਰੂਰੀ ਨ ਬੇੜੀ ਦਾ ਬਣਨਾ ਮਲ੍ਹਾ ਸੀ।

ਬੜਾ ਭੋਗਿਆ ਦੇਵ ਸੰਤਾਪ ਤੇਰਾ,
ਕਿ ਤੇਰੇ ਬਿਨਾਂ ਜੀਣ ਦੀ ਨਾ ਵਜ੍ਹਾ ਸੀ।



□

ਉਹ ਯਾਰਾ ਫ਼ਾਸਲਾ ਅਪਣਾ, ਜ਼ਮੀਂ ਅਸਮਾਨ ਜਿੰਨਾ ਹੈ,
ਕਿ ਤੇਰੇ ਵਾਸਤੇ ਦਿਲ ਵਿਚ ਮਿਰੇ ਅਰਮਾਨ ਕਿੰਨਾ ਹੈ।

ਕਿਨਾਰੇ ਬੈਠ ਕੇ ਨਾ ਲਾ ਅੰਦਾਜ਼ਾ ਏਸ ਦਾ ਐਵੇਂ,
ਨ ਤੂੰ ਜਾਣੇ ਮਿਰੇ ਦਿਲ ਵਿਚ ਭਲਾ ਤੂਫ਼ਾਨ ਕਿੰਨਾ ਹੈ।

ਨਜ਼ਰ ਤੇਰੀ 'ਚ, ਮੇਰਾ ਮੁੱਲ ਕੌਡੀ ਵੀ ਨਹੀਂ ਹੋਣਾ,
ਮਿਰੇ ਦਿਲ ਵਿਚ ਮਗਰ ਯਾਰਾ ਤਿਰਾ ਸਨਮਾਨ ਕਿੰਨਾ ਹੈ।

ਤੂੰ ਖੰਜਰ ਮਾਰ ਕੇ ਪੁਛਦੈਂ ਕਿ ਹੁੰਦਾ ਦਰਦ ਹੈ ਕਿੰਨਾ,
ਮੈਂ ਹੱਸਦਾ ਹਾਂ ਕਿ ਮੇਰਾ ਯਾਰ ਇਹ ਨਾਦਾਨ ਕਿੰਨਾ ਹੈ।

ਤੂੰ ਪਹਿਲਾਂ ਸੋਚ ਲੈ ਜੇ ਕਰਨ ਲੱਗਿਐਂ ਵਣਜ ਇਸ਼ਕੇ ਦਾ,
ਮੁਨਾਫ਼ਾ ਏਸ ਵਿਚ ਕਿੰਨਾ ਅਤੇ ਨੁਕਸਾਨ ਕਿੰਨਾ ਹੈ।

ਬੜਾ ਅਣਜਾਣ ਬਣਦੈਂ ਕੰਮ ਬੇਅਦਬੀ ਦਾ ਕਰਕੇ ਤੂੰ,
ਨਹੀਂ ਤੂੰ ਜਾਣਦਾ ਗ਼ਲਤੀ ਤੂੰ ਗ਼ਲਤਾਨ ਕਿੰਨਾ ਹੈ।

ਕਿਵੇਂ ਤੂੰ ਤੋੜਿਆ ਅੰਬਰ ਦੇ ਤਾਰੇ ਵਾਂਗ ਦਿਲ ਮੇਰਾ,
ਤੂੰ ਕੀ ਜਾਣੇ ਮਿਰਾ ਹੋਇਆ ਭਲਾ ਨੁਕਸਾਨ ਕਿੰਨਾ ਹੈ।

ਹਮੇਸ਼ਾਂ ਤੇਰੀਆਂ ਨਜ਼ਰਾਂ ਦੇ ਵਿਚ ਮੈਂ ਤਾਂ ਰਿਹਾ ਕਾਫ਼ਿਰ,
ਨ ਅਜ਼ਮਾ ਤੂੰ ਜ਼ਿਬਾਹ ਕਰਕੇ ਮਿਰਾ ਈਮਾਨ ਕਿੰਨਾ ਹੈ।

•



❑

ਬੁਝ ਰਿਹਾ ਦੀਵਾ ਹਾਂ ਮੈਨੂੰ ਯਾਦ ਨਾ ਕਰ,
ਅੱਥਰੂ ਮੇਰੇ ਲਈ ਬਰਬਾਦ ਨਾ ਕਰ।

ਰੋਕ ਨਾ ਪਰਵਾਜ਼ ਅਪਣੀ ਸੋਚਣੀ ਦੀ,
ਸੁਪਨਿਆਂ ਦੀ ਰਾਤਰੀ, ਬਰਬਾਦ ਨਾ ਕਰ।

ਸੁੱਕ ਰਹੇ ਰੁੱਖ ਨੇ ਕਦੇ ਨਾ ਮੌਲਣਾ ਹੈ,
ਹੰਝੂਆਂ ਦੇ ਨਾਲ਼ ਹੁਣ ਆਬਾਦ ਨਾ ਕਰ।

ਲੀਕ ਬਣਿਆਂ ਅੰਬਰੋਂ ਟੁੱਟ ਕੇ ਸਿਤਾਰਾ,
ਲੀਕ ਦੀ ਮੁਨਿਆਦ ਕੀ ਹੈ ਯਾਦ ਨਾ ਕਰ।

ਤੂੰ ਦਿਖਾ ਮੁਖੜਾ ਨਕਾਬ ਅਪਣੀ ਹਟਾ ਕੇ,
ਸ਼ਾਦ ਕਰਦੇ ਦਿਲ ਮਿਰਾ ਨਾਸ਼ਾਦ ਨਾ ਕਰ।

ਲੱਭਦਾ ਨਾ ਮੰਦਰਾਂ, ਨਾ ਮਸਜਦਾਂ 'ਚੋਂ,
ਨੱਕ ਰਗੜ ਕੇ ਜ਼ਿੰਦਗੀ ਬਰਬਾਦ ਨਾ ਕਰ।

ਮੇਰਿਆਂ ਲੇਖਾਂ 'ਚ, ਨਾ ਮੰਜ਼ਿਲ ਦਾ ਮਿਲਣਾ,
ਮੈਂ ਤਾਂ ਬਸ ਜੁਗਨੂੰ ਹਾਂ, ਮੈਨੂੰ ਯਾਦ ਨਾ ਕਰ।

ਦੇਵ ਉਹ ਕਾਤਿਲ ਵੀ ਹੈ, ਮੁਨਸਫ਼ ਵੀ ਓਹੀ,
ਇਸ਼ਕ ਦੇ ਅੱਗੇ ਕਦੇ ਫ਼ਰਿਆਦ ਨਾ ਕਰ।

•

❑

ਇਹ ਢਲਦੀ ਸ਼ਾਮ ਨੂੰ ਅਕਸਰ ਹੀ ਹਰ ਇਕ ਰਾਤ ਪੁੱਛਦੀ ਹੈ,
ਸਫ਼ਰ ਕਿੰਨਾ ਕੁ ਬਾਕੀ ਹੈ ਅਜੇ, ਪਰਭਾਤ ਪੁੱਛਦੀ ਹੈ।

ਤਿਰਾ ਦੀਦਾਰ ਕੀਤੇ ਨੂੰ, ਬੜੇ ਹੀ ਯੁੱਗ ਬੀਤੇ ਨੇ,
ਮਿਲੇਂਗਾ ਹੁਣ ਕਦੋਂ ਮੈਨੂੰ, ਇਹ ਅਕਸਰ ਰਾਤ ਪੁੱਛਦੀ ਹੈ।

ਨਜ਼ਰ ਜਿਸ ਤੇ ਸੀ ਮੇਰੀ ਕਿਉਂ ਸਿਤਾਰਾ ਟੁੱਟਿਆ ਓਹੀ,
ਬਣੇਂਗਾ ਰੇਤ ਹੁਣ ਉਹ, ਇਹ ਮਿਰੀ ਔਕਾਤ ਪੁੱਛਦੀ ਹੈ।

ਬੁਝਾਵਾਂ ਪਿਆਸ ਮੈਂ ਤੇਰੀ ਕਿਵੇਂ, ਤੂੰ ਤਪ ਰਿਹਾ ਥਲ ਹੈਂ,
ਵਰ੍ਹੇ ਜਦ ਵੀ ਕਦੇ ਸਾਵਣ 'ਚ, ਇਹ ਬਰਸਾਤ ਪੁੱਛਦੀ ਹੈ।

ਭਲਾ ਕੀ ਖੱਟਿਆ ਮਿੱਤਰਾ ਹੈ ਲੈ ਕੇ ਚਾਰ ਲਾਵਾਂ ਤੂੰ,
ਇਹ ਅਕਸਰ ਹੀ ਮਿਰੇ ਜਜ਼ਬਾਤ ਨੂੰ ਬਾਰਾਤ ਪੁੱਛਦੀ ਹੈ।

ਤਿਰਾ ਇਕਰਾਰ ਸੀ ਬਣ ਕੇ ਮਿਲੇਂਗਾ ਰਾਤ ਨੂੰ ਜੁਗਨੂੰ,
ਗਿਆ ਵਾਅਦਾ ਤਿਰਾ ਕਿੱਥੇ, ਇਹ ਮੈਨੂੰ ਰਾਤ ਪੁੱਛਦੀ ਹੈ।

•



❑

ਮੈਨੂੰ ਅੱਜ ਵੀ ਤੇਰੀ ਆਸ ਹੈ।
ਤੈਨੂੰ ਮਿਲ ਕੇ ਬੁਝਣੀ ਪਿਆਸ ਹੈ।

ਸੱਜਣਾ ਤੋੜ ਨ ਦਿਲ ਤੂੰ ਮੇਰਾ,
ਮੈਂ ਗੱਲ ਕਰਨੀ ਅੱਜ ਖ਼ਾਸ ਹੈ।

ਜਦ ਤੋਂ ਯਾਰਾ ਤੂੰ ਵਿਛੜਿਆ,
ਬਿਰਹੋਂ ਦਾ ਦੁੱਖ ਦਰਦ ਪਾਸ ਹੈ।

ਮੇਰੀ ਗੱਲ ਮੇਰਾ ਬਣ ਕੇ ਸੁਣ,
ਮੰਜ਼ਿਲ ਆਖ਼ਰੀ ਦਿਸਦੀ ਪਾਸ ਹੈ।

ਨਾ ਕਿਹਾ ਕਰ ਓ ਦੇਵ ਤੂੰ ਭੁੱਲ ਜਾ
ਮਿਲਣੇ ਦੀ ਅਜੇ ਮੈਨੂੰ ਆਸ ਹੈ।

•

❑

ਹਿਜਰ ਦੇ ਵਿਚ ਦੀਦਿਆਂ ਦੇ ਸਰ ਭਰੇ ਨੇ,
ਕਿਸ ਤਰ੍ਹਾਂ ਦੱਸਾਂ ਕਿ ਗ਼ਮ ਕਿੰਨੇ ਜਰੇ ਨੇ।

ਜੱਗ ਤੇ ਉਹ ਲੋਕ ਵੀ ਜੀਂਦੇ ਨੇ ਯਾਰਾ,
ਕੱਲ੍ਹ ਅੱਖਾਂ ਦੇ ਅਜੇ ਤਾਰੇ ਮਰੇ ਨੇ।

ਕੁੱਖ ਵਿਚ ਹੀ ਗ਼ਮ ਲਿਖੇ ਮੇਰੇ ਨਸੀਬੀਂ,
ਨਾ ਕਿਸੇ ਦਾ ਦੋਸ਼, ਗ਼ਮ ਚਿਰ ਦੇ ਘਰੇ ਨੇ।

ਘੁੱਪ ਨ੍ਹੇਰਾ ਸੀ ਤਿਰੇ ਘਰ ਦੀ ਡਗਰ 'ਤੇ,
ਜੁਗਨੂੰਆਂ ਦੇ ਨਾਲ਼ ਮੈਂ ਪੈਂਡੇ ਕਰੇ ਨੇ।

ਤੂੰ ਮਿਰੇ ਸਾਏ ਦੇ ਵਾਂਗੂੰ ਸਾਥ ਰਹਿੰਨੈ,
ਤੇਰੀਆਂ ਯਾਦਾਂ ਤਾਂ ਪਲਕਾਂ ਦੇ ਪਰੇ ਨੇ

ਇਸ਼ਕ ਦੇ ਸਾਗਰ ਦਾ ਯਾਰਾ, ਤੂੰ ਕਿਨਾਰਾ,
ਮੈਂ ਭੰਵਰ ਤੈਨੂੰ ਮਿਲਣ ਖ਼ਾਤਰ ਤਰੇ ਨੇ।

•



❑

ਕਿਹਾ ਸੀ ਓਸਨੇ ਜੋ ਵੀ, ਤਾਂ ਮੈਂ ਕੀਤਾ ਸਵਾਗਤ ਸੀ,
ਪਰੰਤੂ ਓਸਦੇ ਹਰ ਬੋਲ ਵਿਚ ਘੁੱਲ੍ਹੀ ਬਗ਼ਾਵਤ ਸੀ।

ਦਿਖਾਏ ਓਸਨੇ ਸਾਨੂੰ ਯੁਗਾਂ ਤੋਂ ਰਾਂਗਲੇ ਸੁਪਨੇ,
ਤਦੇ ਤਾਂ ਇਸ਼ਕ ਉਸਦੇ ਵਿਚ ਅਸੀਂ ਪਾਈ ਸ਼ਹਾਦਤ ਸੀ।

ਕਿਸੇ ਨੇ ਆਖਿਆ ਹੁੰਦੇ ਨੇ ਦਿਲ ਤਾਂ ਸਾਗਰੋਂ ਡੂੰਘੇ,
ਕਿਹਾ ਉਸਨੇ ਕਿ ਇਹ ਤਾਂ ਬਸ ਕਿਤਾਬਾਂ ਦੀ ਕਹਾਵਤ ਸੀ।

ਰਿਹਾ ਤੂੰ ਇਮਤਿਹਾਨ ਅਪਣਾ ਜੇ ਹਰ ਇਕ ਮੋੜ 'ਤੇ ਲੈਂਦਾ,
ਤਿਰੀ ਹਰ ਇਕ ਰਜ਼ਾ ਵਿਚ ਹੀ, ਰਜ਼ਾ ਮੇਰੀ ਸਲਾਮਤ ਸੀ

ਮੈਂ ਜਿੱਧਰ ਵੀ ਗਿਆ ਰਸਤੇ ਬਣਾਉਂਦਾ ਹੀ ਗਿਆ ਐਪਰ,
ਪਰੰਤੂ ਹਰ ਡਗਰ ਮੇਰੀ, ਤਿਰੇ ਘਰ ਤਕ ਸਮਾਪਤ ਸੀ।

ਉਡੀਕਾਂਗਾ ਮੈਂ ਤੈਨੂੰ ਹਸ਼ਰ ਤੀਕਰ, ਮੈਂ ਕਿਹਾ ਉਸਨੂੰ,
ਇਹ ਸੁਣ ਕੇ ਆਖਿਆ ਉਸਨੇ, ਮਿਰੀ ਭੈੜੀ ਇਹ ਆਦਤ ਸੀ।

ਕਿਹਾ ਤੂੰ ਦੇਵ ਤੈਨੂੰ ਭੁੱਲ ਜਾਵਾਂ ਸਮਝ ਕੇ ਸੁਪਨਾ,
ਹਮੇਸ਼ਾਂ ਸੁਪਨਿਆਂ ਚੋਂ ਹੀ ਮਿਲੀ ਮੈਨੂੰ ਤਾਂ ਰਾਹਤ ਸੀ।

•

❑

ਸ਼ਹਿਰ ਤਿਰੇ ਵਿਚ ਮੇਰਾ ਯਾਰ ਅਤੀਤ ਦਫ਼ਨ ਹੈ,
ਮੇਰੇ ਦਿਲ ਵਿਚ ਹਿਜਰ ਤਿਰੇ ਦਾ ਗੀਤ ਦਫ਼ਨ ਹੈ।

ਤੂੰ ਮੇਰਾ ਪਰਛਾਵਾਂ ਇਉਂ ਨਾ ਲੰਘ ਮਸਲ ਕੇ,
ਇਸ ਵਿਚ ਬਿਨ ਕੱਫਣ ਦੇ ਮੇਰੀ ਪ੍ਰੀਤ ਦਫ਼ਨ ਹੈ

ਇਸ਼ਕ ਨਦੀ ਦਾ ਸਾਹਿਲ ਨਾ ਮਿਲ ਸਕਿਆ ਮੈਨੂੰ,
ਲਾਸ਼ ਮਿਰੀ ਪਾਣੀ ਵਿਚ ਠੰਡੀ ਸੀਤ ਦਫ਼ਨ ਹੈ।

ਤੇਰਾ ਮਿਲਣਾ, ਮੇਰੀ ਬੁੱਕਲ ਵਿਚ ਬਹਿ ਜਾਣਾ,
ਦਿਲ ਵਿਚ ਹੁਣ ਵੀ ਯਾਦ ਤਿਰੀ ਸੁਰਜੀਤ ਦਫ਼ਨ ਹੈ।

ਮੇਰੇ ਹੰਝੂਆਂ ਨੂੰ ਤੂੰ ਮੇਰੀ ਹਾਰ ਨ ਸਮਝੀਂ,
ਮੇਰੇ ਹਰ ਹੰਝੂ ਵਿਚ ਮੇਰੀ ਜੀਤ ਦਫ਼ਨ ਹੈ।

ਤੇਰੀ ਖ਼ਾਤਿਰ ਮੈਂ ਤਾਰੇ ਤੋਂ ਰੇਤਾ ਬਣਿਆਂ,
ਪੈਰਾਂ ਹੇਠਾਂ ਹੁਣ ਤੇਰੇ ਇਹ ਮੀਤ ਦਫ਼ਨ ਹੈ।

ਦੇਵ ਅਜੇ ਨਾ ਮਰਿਆ, ਤੈਨੂੰ ਭਰਮ ਪਿਆ ਸੀ,
ਦੇਖ ਜ਼ਰਾ ਉਹ ਤਾਂ ਅੱਜ ਵੀ ਸੁਰਜੀਤ ਦਫ਼ਨ ਹੈ।

•



❑

ਕਾਤਲ ਵਾਵਾਂ ਨੇ ਇਹ ਤੇਰੇ ਸ਼ਹਿਰ ਦੀਆਂ,
ਵਗਣ ਚੁਫ਼ੇਰੇ ਲੂੰਆਂ, ਸਿਖ਼ਰ ਦੁਪਹਿਰ ਦੀਆਂ।

ਨੈਣ ਮਮੋਲੇ ਚਮਕਣ ਤੇਰੇ ਇਉਂ ਯਾਰਾ,
ਚਮਕਣ ਜੀਕਣ ਲਹਿਰਾਂ ਵਗਦੀ ਨਹਿਰ ਦੀਆਂ।

ਯਾਦ ਤਿਰੀ ਇਉਂ ਦਿਲ ਵਿਚ ਆਵੇ ਚੜ੍ਹ ਚੜ੍ਹ ਕੇ,
ਚੜ੍ਹੀਆਂ ਜੀਕਣ ਘੋਰ ਘਟਾਵਾਂ ਕਹਿਰ ਦੀਆਂ।

ਤੇਰੀ ਤੱਕਣੀ ਨੂੰ ਮੈਂ ਕਿੱਦਾਂ ਭੁੱਲ ਜਾਵਾਂ,
ਤੇਰੀਆਂ ਨਜ਼ਰਾਂ ਤਾਂ ਸਨ ਨਜ਼ਰਾਂ ਕਹਿਰ ਦੀਆਂ।

ਦੇਵ ਲਿਖੇ ਜੋ ਨਜ਼ਮਾਂ ਉਹ ਤੇਰੀ ਖ਼ਾਤਿਰ,
ਭਾਵੇਂ ਉਹ ਨਾ ਸਾਰਾਂ ਜਾਣੇ ਬਹਿਰ ਦੀਆਂ।

•

❑

ਤੂੰ ਹੈਂ ਸਰਘੀ ਦਾ ਸਿਤਾਰਾ ਦੋਸਤਾ,
ਅਜਬ ਜੰਨਤ ਦਾ ਨਜ਼ਾਰਾ ਦੋਸਤਾ।

ਇਸ਼ਕ ਦਾ ਹੜ੍ਹ ਬੇਮੁਹਾਰਾ ਦੋਸਤਾ,
ਰੋਕ ਨਾ ਬਣ ਕੇ ਕਿਨਾਰਾ ਦੋਸਤਾ।

ਮੈਂ ਨਿਰੰਤਰ ਹੀ ਵਰ੍ਹਾਂਗਾ ਉਮਰ ਭਰ,
ਮੈਂ ਹਾਂ ਇਕ ਬੱਦਲ ਅਵਾਰਾ ਦੋਸਤਾ।

ਟੁੱਟਿਆ ਹੈ ਦਿਲ ਮਿਰਾ ਤਾਂ ਅਜ਼ਲ ਤੋਂ,
ਬਣ ਮਿਰੇ ਦਿਲ ਦਾ ਸਹਾਰਾ ਦੋਸਤਾ।

ਕਿਉਂ ਮੁਕੱਦਰ ਵਿਚ ਨਹੀਂ ਹੈਂ ਤੂੰ ਮਿਰੇ,
ਬਦਲ ਕਿਸਮਤ, ਬਣ ਸਹਾਰਾ ਦੋਸਤਾ।

ਭੁੱਲ ਸਕਦੇ ਦੇਵ ਤੈਨੂੰ ਕਿਸ ਤਰ੍ਹਾਂ,
ਇਹ ਨ ਮੈਨੂੰ ਹੈ ਗਵਾਰਾ ਦੋਸਤਾ।

•



❑

ਮੁਹੱਬਤ ਰਹੀ ਬੰਦ ਹਰਫ਼ਾਂ ਦੇ ਘੇਰੇ,
ਕਰੇ ਬਹੁਤ ਕਾਲੇ ਮੈਂ ਸਫ਼ਿਆਂ ਦੇ ਘੇਰੇ।

ਮੁਹੱਬਤ ਦਾ ਇਜ਼ਹਾਰ ਕਰ ਨਾ ਸਕੇ ਹਾਂ
ਸਦਾ ਚੁੱਪ ਰਹੇ ਨੇ ਇਹ ਬੁੱਲ੍ਹਾਂ ਦੇ ਘੇਰੇ।

ਹਮੇਸ਼ਾਂ ਕਲਮ ਤਾਂ ਇਹ ਲਿਖਦੀ ਰਹੀ ਹੈ,
ਸੁਨੇਹੇ ਇਹ ਭੇਜੇ ਨੇ ਗ਼ਜ਼ਲਾਂ ਦੇ ਘੇਰੇ।

ਅਸੀਂ ਸੋਚ ਬਦਲਣ ਦੀ ਕੋਸ਼ਿਸ਼ ਵੀ ਕੀਤੀ,
ਰਹੇ ਤੰਗ ਐਪਰ ਸਮਾਜਾਂ ਦੇ ਘੇਰੇ।

ਉਡੀਕਾਂ 'ਚ, ਉਸਦੇ ਮੈਂ ਕਲਰਾ ਗਿਆ ਹਾਂ,
ਚੁਫ਼ੇਰੇ ਮਿਰੇ ਹੁਣ ਨੇ ਕੱਲਰਾਂ ਦੇ ਘੇਰੇ।

ਅਗਰ ਮਿਲ ਉਹ ਜਾਂਦੇ ਤਾਂ ਹੱਸ ਕੇ ਗੁਜ਼ਰਦੀ,
ਹਸ਼ਰ ਤੀਕ ਰਹਿੰਦੇ ਉਹ ਬਾਹਾਂ ਦੇ ਘੇਰੇ।

ਹਰਿੱਕ ਜੂਨ ਵਿਚ ਦੇਵ ਦੀ ਰੂਹ ਭਟਕਦੀ,
ਨਹੀਂ ਰਾਸ ਆਉਂਦੇ ਇਹ ਜਨਮਾਂ ਦੇ ਘੇਰੇ।

•

□

ਯਾਰੋ ਉਧਾਰ ਦੇਣ ਦਾ, ਕੈਸਾ ਅਸੂਲ ਹੈ,
ਫਿਰ ਕੀ ਵਿਆਜ, ਮੂਲ ਵੀ ਮੰਗਣਾ ਫ਼ਜ਼ੂਲ ਹੈ।

ਦੇ ਕੇ ਉਧਾਰ ਫਿਰ ਸਭੇ, ਰਿਸ਼ਤੇ ਭੁਲਾ ਦਿਓ,
ਹੋਣਾ ਉਧਰ ਦਾ ਨਹੀਂ ਪੈਸਾ ਵਸੂਲ ਹੈ।

ਪਰਖੇ ਨ ਸੱਚ ਝੂਠ ਜੋ ਅੰਨ੍ਹਾ ਕਾਨੂੰਨ ਹੈ,
ਦਰ ਭੰਨਣਾ ਕਾਨੂੰਨ ਦਾ ਏਥੇ ਫ਼ਜ਼ੂਲ ਹੈ।

ਰੱਬ ਆਸਰੇ ਹੀ ਚੱਲਦਾ ਹੈ ਦੇਸ ਦਾ ਕਾਨੂੰਨ,
ਵਾਲੀ ਜਿਵੇਂ ਕਿ ਏ ਅੱਲਾ ਰਸੂਲ ਹੈ।

ਭਰਦਾ ਕਦੇ ਵੀ ਹਾਕਮਾਂ ਦਾ ਪੇਟ ਨ ਹੈ ਦੇਵ,
ਰਿਸ਼ਵਤ ਹਰੇਕ ਹਾਲ ਚ ਏਥੇ ਕਬੂਲ ਹੈ।

•



□

ਬੜੇ ਤੀਰਥਾਂ ਦੇ ਲਗਾਏ ਨੇ ਫੇਰੇ,
ਅਸੀਂ ਪੂਜੇ ਮੱਕੇ ਤੇ ਕਾਅਬੇ ਬਥੇਰੇ।

ਬੜਾ ਭਾਲਿਆ ਰੱਬ ਮੰਦਰੀਂ, ਮਸੀਤੀਂ
ਉਹ ਲੁਕਿਆ ਅਕਾਸ਼ਾਂ, ਪਤਾਲਾਂ ਦੇ ਘੇਰੇ।

ਉਹ ਗੀਤਾ 'ਚ, ਵਸਦਾ ਜਾਂ ਕੁਰਆਨ ਦੇ ਵਿਚ,
ਤੇ ਬੁੱਲ੍ਹਾ ਕਹੇ ਮਨ 'ਚ, ਵਸਦਾ ਏ ਤੇਰੇ।

ਨ ਏਥੇ ਕਿਤੇ ਵੀ ਹੈ ਇਨਸਾਨ ਦਿਸਦਾ,
ਕਿ ਧਰਮਾਂ ਨੇ ਵਲਗਣ ਵਲੀ ਹੈ ਚੁਫ਼ੇਰੇ।

ਨ ਉਹ ਮੰਦਰਾਂ ਵਿਚ ਨ ਵਸਦਾ ਮਸੀਤੀ,
ਮਿਲੇ ਉਹ ਵਧਾਵੇ ਜੋ ਸੋਚਾਂ ਦੇ ਘੇਰੇ।

•

❑

ਨਾ ਬਣਾਇਆ ਓਸਨੇ ਹਮਰਾਜ਼ ਹੈ,
ਓਸਦਾ ਤਾਂ ਵੱਖਰਾ ਅੰਦਾਜ਼ ਹੈ।

ਉਹ ਖ਼ਤਾਂ ਦਾ ਜ਼ਿਕਰ ਨਾ ਕਰਦਾ ਕਦੇ,
ਓਸਨੇ ਦਿਲ ਵਿਚ ਛੁਪਾਇਆ ਰਾਜ਼ ਹੈ।

ਅੰਦਰੋ ਅੰਦਰ ਉਹ ਘੁਟ ਘੁਟ ਕੇ ਮਰੇ,
ਬਣ ਗਿਆ ਬੋਤਲ ਦਾ ਉਹ ਮੁਹਤਾਜ਼ ਹੈ।

ਜ਼ਖ਼ਮ ਅੱਲੇ ਓਸ ਦੇ ਤੂੰ ਭਰਨ ਦੇਹ,
ਓਸ ਦੀ ਇਹ ਪੀੜ ਬੇਆਵਾਜ਼ ਹੈ।

ਉਹ ਮੁਹੱਬਤ ਦਾ ਮਸੀਹਾ ਦੇਵ ਜੇ,
ਕਿਉਂ ਕਰੇ ਸਾਨੂੰ ਉਹ ਨਜ਼ਰ ਅੰਦਾਜ਼ ਹੈ।

•



❑

ਕੀ ਪਤਾ ਕਿੱਥੇ ਕੁ ਮੁੱਕਣੀ ਡਗਰ ਸੀ,
ਉਮਰ ਮੇਰੀ ਵਿਚ ਨਿਰੰਤਰ ਸਫ਼ਰ ਸੀ।

ਉਮਰ ਭਰ ਸੁਪਨੇ ਦਿਖਾਏ ਰਾਂਗਲੇ,
ਭੁੱਲ ਗਿਆ ਮੰਜ਼ਿਲ ਅਖ਼ੀਰੀ ਕਬਰ ਸੀ।

ਉਹ ਸਦਾ ਮਿਲ ਕੇ ਵਿਛੜਦਾ ਹੀ ਰਿਹਾ,
ਓਸ ਜਾਬਰ ਦਾ ਇਹੋ ਤਾਂ ਜਬਰ ਸੀ।

ਉਮਰ ਭਰ ਉਹ ਪੀੜ ਬਣ ਮਿਲਦਾ ਰਿਹਾ,
ਉਸ ਜਿਹਾ ਕੰਬਖਤ ਉਸਦਾ ਹਿਜਰ ਸੀ।

ਹੱਸ ਕੇ ਹਰ ਹਾਦਸਾ ਉਹ ਸਹਿ ਗਿਆ,
ਦੇਵ ਦਾ ਹੀ ਦੋਸਤਾ, ਇਹ ਸਬਰ ਸੀ।

•

❑

ਕਰ ਕਦੇ ਤਾਂ ਓਸਦੇ ਜਜ਼ਬਾਤ ਦੀ ਗੱਲ,
ਮਹਿਕ ਵਰਗੀ ਓਸਦੀ, ਗੱਲਬਾਤ ਦੀ ਗੱਲ।

ਨਾਲ ਮਰਨੇ ਦੇ ਤਿਰੇ ਵਾਅਦੇ ਨੇ ਕਿੱਥੇ,
ਕਰ ਨ ਸਾਡੇ ਨਾਲ਼ ਤੂੰ ਸੁਕਰਾਤ ਦੀ ਗੱਲ।

ਛਾ ਗਈ ਅੰਬਰ ਤੇ ਇਹ ਕਾਲੀ ਘਟਾ ਫਿਰ,
ਯਾਦ ਆਉਂਦੀ ਯਾਦ ਦੀ ਬਰਸਾਤ ਦੀ ਗੱਲ।

ਮੈਂ ਉਡੀਕਾਂ ਵਸਲ ਤੇਰਾ, ਉਮਰ ਭਰ ਤੋਂ,
ਨਾ ਕਰਾਂ ਮੈਂ ਹਿਜਰ ਦੀ, ਕਮਜ਼ਾਤ ਦੀ ਗੱਲ।

ਦੇਵ ਸਾਰੇ ਏਸ ਦੁਨੀਆਂ ਤੇ ਅਧੂਰੇ,
ਛੱਡ ਦੇ ਹੁਣ ਆਪਣੀ ਔਕਾਤ ਦੀ ਗੱਲ।

•



❑

ਮੈਂ ਬਹਾਰਾਂ ਭਾਲਦਾ ਹੀ ਮੁੱਕ ਗਿਆ,
ਬਸ ਨਿਰੰਤਰ ਪੱਤਝੜਾਂ ਵਿਚ ਸੁਕ ਗਿਆ।

ਦਰਦ ਨੇ ਚਿਹਰੇ ਤੇ ਪਾਈਆਂ ਝੁਰੜੀਆਂ,
ਝੁਰੜੀਆਂ ਹੀ ਮੈਂ ਛੁਪਾਉਂਦਾ ਝੁਕ ਗਿਆ।

ਦਰਦ ਨਾ ਮੁੱਕਿਆ ਤੇ ਨਾ ਮੰਜ਼ਿਲ ਮਿਲੀ,
ਰੁੱਖ ਮਾਰੂ ਵਾਂਗ ਮੈਂ ਤਾਂ ਸੁੱਕ ਗਿਆ।

ਤੂੰ ਤਾਂ ਸਾਏ ਵਾਂਗ ਤੁਰਿਆ ਦਿੱਨ ਸਮੇਂ,
ਪੈ ਗਈ ਜਦ ਰਾਤ, ਫਿਰ ਤੂੰ ਲੁਕ ਗਿਆ।

ਦੀਦ ਤੇਰੀ ਵਾਸਤੇ ਮੈਂ ਤੜਪਿਆ,
ਦੇਵ ਸੂਰਜ ਵਾਂਗ ਚੜ੍ਹਿਆ, ਲੁਕ ਗਿਆ।

•

❑

ਕਤਲਗਾਹ ਵਿਚ ਮੈਂ ਪਿਆ ਮਰਦਾ ਰਿਹਾ,
ਲੰਘਦਾ ਕਾਤਿਲ ਤਾਂ ਕਰ ਪਰਦਾ ਰਿਹਾ।

ਦਿਲ ਦੇ ਵਿਚ ਨੈਣਾਂ ਦੇ ਖੁੱਭੇ ਤੀਰ ਦਾ,
ਕਿੰਝ ਆਖਾਂ ਦਰਦ ਮੈਂ ਜਰਦਾ ਰਿਹਾ।

ਜੀਣ ਦੀ ਕੋਸ਼ਿਸ਼ ਕਰਾਗਾਂ ਬਿਨ ਤਿਰੇ,
ਸੱਜਣਾ ਦੇ ਬਿਨ ਵੀ ਤਾਂ ਸਰਦਾ ਰਿਹਾ।

ਮੈਂ ਨਦੀ ਦਾ ਉਹ ਕਿਨਾਰਾ ਦੋਸਤਾ,
ਜੋ ਮੁਹੱਬਤ ਨਾਲ਼ ਹੈ ਖਰਦਾ ਰਿਹਾ।

ਜਿੱਤ ਸਕੇਂਗਾ ਨਾ ਕਦੇ ਤੂੰ ਦੇਵ ਨੂੰ,
ਜੱਗ ਤੋਂ ਤਾਂ ਜਿੱਤਦਾ, ਹਰਦਾ ਰਿਹਾ।

•



❑

ਬਿਰਖ ਮੈਂ ਓਹੀ ਹਾਂ ਹੁਣ ਝੁਕ ਗਿਆ ਹਾਂ
ਮੈਂ ਖਿਜ਼ਾਂ ਦੀ ਰੁੱਤ ਦੇ ਵਿਚ ਸੁੱਕ ਗਿਆ ਹਾਂ।

ਆ ਰਿਹਾਂ ਤੁਰਦਾ ਯੁਗਾਂ ਤੋਂ ਨਾਲ਼ ਤੇਰੇ,
ਬਣ ਕੇ ਪਰਛਾਵਾਂ ਤਿਰਾ ਹੁਣ ਰੁਕ ਗਿਆ ਹਾਂ।

ਆ ਗਿਆ ਹੈ ਵਕਤ ਹੁਣ ਵਿਛੜਨੇ ਦਾ,
ਵਿਛੜਿਆਂ ਹਾਂ, ਇਹ ਨ ਸਮਝੀਂ ਮੁਕ ਗਿਆ ਹਾਂ।

ਜਨਮ ਜਨਮਾਂਤਰ ਦਾ ਸਾਥੀ ਦੇਵ ਤਾਂ,
ਫਿਰ ਜਨਮ ਲੈਣਾਂ, ਨ ਸਮਝੀਂ ਲੁਕ ਗਿਆ ਹਾਂ।

•

❑

ਉਹ ਵਿਖਾਉਂਦਾ ਹੀ ਰਿਹਾ ਸੁਪਨੇ ਬਥੇਰੇ ਮਨਚਲੇ,
ਆਪਣੇ ਫ਼ਰਜ਼ਾਂ ਚੋਂ ਨਿਕਲੇ ਨਾ ਅਸੀਂ ਹੀ ਦਿਲ ਜਲੇ।

ਓਸਦੀ ਹਰ ਇਕ ਰਜ਼ਾ ਵਿਚ ਇੱਕ ਗੁੱਝੀ ਰਮਜ਼ ਸੀ,
ਉਹ ਭੁਲੇਖਾ ਹੀ ਸਦਾ ਪਾਉਂਦਾ ਰਿਹਾ ਮਿਲ ਕੇ ਗਲੇ।

ਉਮਰ ਚਲਦਾ ਰਿਹਾ ਇਉਂ ਹੀ ਗ਼ਮਾਂ ਦਾ ਕਾਫ਼ਲਾ,
ਹਰ ਕਦਮ ਤੇ ਹੀ ਅਸੀਂ ਝਲਦੇ ਰਹੇ ਹਾਂ ਜ਼ਲਜ਼ਲੇ।

ਜੰਗ ਚਲਦੀ ਹੀ ਰਹੀ ਹੈ ਯੁਗਾਂ ਤੋਂ ਬਰਸਾਤ ਦੀ,
ਇਹ ਕਦੇ ਮੁਕਣੇ ਨਹੀਂ ਕਰਬਲਾ ਦੇ ਸਿਲਸਿਲੇ।

ਤੂੰ ਸਦਾ ਰਹਿਣਾ ਨਹੀਂ ਬਣਿਆਂ ਇਵੇਂ ਹੀ ਲਹਿਰ ਤੇ,
ਜਲਦ ਮਿਟ ਜਾਏਂਗਾ ਤੂੰ ਐ ਪਾਣੀ ਦੇ ਬੁਲਬੁਲੇ।

ਸਬਰ ਦੀ ਤੌਫ਼ੀਕ ਬਖਸ਼ੀਂ ਦੇਵ ਨੂੰ ਐ ਦਾਤਿਆ,
ਉਮਰ ਭਰ ਰਹਿਣੇ ਨਹੀਂ ਹਨ ਹਿਜਰ ਦੇ ਇਹ ਤੌਖ਼ਲੇ।

•



❑

ਮਿਰੀ ਜਾਨ ਖਾਧੀ ਜੁਦਾਈ ਦੇ ਢੋਰੇ,
ਕਿਵੇਂ ਹਾਲ ਕੱਟਾਂ ਮੈਂ ਵਸਲਾਂ ਦੇ ਝੋਰੇ।

ਵਿਛੋੜੇ ਚ, ਤੇਰੇ ਮੈਂ ਲਿਖ ਲਿਖ ਕੇ ਗ਼ਜ਼ਲਾਂ,
ਕਰੇ ਲੱਖ ਕਾਲੇ ਇਹ ਕਾਗ਼ਜ਼ ਮੈਂ ਕੋਰੇ।

ਤਿਰੇ ਨਾਮ ਦੀ ਹੀ ਇਹ ਤਸਬੀ ਮੈਂ ਫੇਰੀ,
ਯੁਗਾਂ ਤੋਂ ਅਸੀਂ ਬੈਠ ਗੋਰਖ ਦੇ ਭੋਰੇ।

ਸਵਾਲੀ ਤਿਰੇ ਦਰ ਦਾ ਬਣਿਆਂ ਰਿਹਾ ਮੈਂ,
ਤੇ ਮੈਨੂੰ ਮਿਲੇ ਨੇ ਇਹ ਇਨਕਾਰ ਕੋਰੇ।

ਕਰਾਂ ਤਕਸੀਮ ਅਪਣੇ ਗ਼ਮਾਂ ਨੂੰ,
ਘਟਾਵਾਂਗਾ ਕੁਝ ਇਕ ਬਿਰਹਾ ਦੇ ਝੋਰੇ।

•

❑

ਵਾਰ ਕੀਤਾ ਅੱਖ ਦਾ ਦਿਸਿਐ ਭਲਾ,
ਜ਼ਖ਼ਮ ਦਿਲ ਦਾ ਵੀ ਕਦੇ ਭਰਿਐ ਭਲਾ।

ਦੇਖ ਮੇਰਾ ਜ਼ਖ਼ਮ ਨਾ ਤੂੰ ਬਾਹਰ ਤੋਂ,
ਹਿਜਰ ਦਾ ਇਉਂ ਦਰਦ ਵੀ ਦਿਸਿਐ ਭਲਾ।

ਸੋਚ ਤੇਰੀ ਤੰਗ ਸੀ ਤੂੰ ਜਿੱਤ ਗਿਉਂ,
ਇਸ਼ਕ ਵਿਚ ਆਸ਼ਕ ਕਦੇ ਹਰਿਐ ਭਲਾ।

ਵਹਿਮ ਤੇਰਾ ਹੈ ਭੁਲਾ ਦਿੱਤੇ ਮਨੋ,
ਸੁਪਨਿਆਂ ਚੋਂ ਵੀ ਕੁਈ ਭੁੱਲਿਐ ਭਲਾ।

ਦੇਵ ਢਲ ਕੇ ਵੀ ਨਹੀਂ ਢਲਦਾ ਕਦੇ,
ਅਰਸ਼ ਤੋਂ ਸੂਰਜ ਕਦੇ ਮਿਟਿਐ ਭਲਾ।
•



❑

ਬੜੇ ਸੰਗਦਿਲ ਨੇ ਸਮਾਜਾਂ ਦੇ ਘੇਰੇ,
ਭਲਾ ਖੱਟਿਆ ਕੀ ਤੂੰ ਲੈ ਚਾਰ ਫੇਰੇ।

ਇਹ ਕਿਰਦਾਰ ਤੇਰਾ ਤਾਂ ਬਣਿਆਂ ਹੈ ਤਾਜ਼ਰ,
ਬੜੇ ਤੰਗ ਤੇਰੇ ਨੇ ਸੋਚਾਂ ਦੇ ਘੇਰੇ।

ਡਰਾਵਾ ਉਹ ਮਰਨੇ ਦਾ ਕਿੱਥੇ ਹੈ ਤੇਰਾ,
ਕਿ ਬੁਜ਼ਦਿਲ ਹੀ ਨਿਕਲੇ ਨੇ ਖ਼ਿਆਲਾਂ ਦੇ ਘੇਰੇ।

ਸ਼ਮਾਂ ਹੁਸਨ ਦੀ ਤੇ ਜਲਾ ਨਾ ਤੂੰ ਮੈਨੂੰ,
ਜਲਾਏ ਹਮੇਸ਼ਾਂ ਤੂੰ ਆਸ਼ਿਕ ਬਥੇਰੇ।

ਬੜਾ ਯਤਨ ਕੀਤਾ, ਰਹਾਂ ਹਾਸ਼ੀਏ ਤੇ,
ਕਿ ਮੁਸ਼ਕਿਲ ਬੜੇ ਸਨ ਸਵਾਲਾਂ ਦੇ ਘੇਰੇ।

ਬੜੀ ਦੇਰ ਤੋਂ ਦੇਵ ਚੁੱਪ ਕਰ ਗਿਆ ਹੈ,
ਕਿ ਮੁਕਣੇ ਕਦੇ ਨਾ ਇਹ ਯਾਦਾਂ ਦੇ ਘੇਰੇ।
•

❑

ਮੈਂ ਨਦੀ ਹਾਂ ਮੈਂ ਕਦੇ ਰੁਕਿਆ ਨਹੀਂ,
ਬੋਹੜ ਬਣ ਕੇ ਉੱਗਿਆਂ, ਸੁੱਕਿਆ ਨਹੀਂ।

ਮੈਂ ਜ਼ਰਾ ਕਮਜ਼ੋਰ ਤਾਂ ਹੋਇਆਂ ਜ਼ਰੂਰ,
ਮੈਂ ਵੀ ਜੈਮਲ ਵਾਂਗ ਪਰ ਝੁਕਿਆ ਨਹੀਂ।

ਮੈਂ ਮੁਹੱਬਤ ਦੇ ਭੰਵਰ ਵਿਚ ਘਿਰ ਗਿਆ,
ਇਸ਼ਕ ਦੇ ਸਾਹਿਲ ਤੇ ਹੀ ਡੁੱਬਿਆ ਨਹੀਂ।

ਦੇਖ ਹਿੰਮਤ ਹੈ ਮਿਰੀ, ਖਿੜਿਆ ਰਿਹਾ,
ਪਤਝੜਾਂ ਦੇ ਵਿਚ ਵੀ ਸੁੱਕਿਆ ਨਹੀਂ।

ਹੁਣ ਮਿਲਾਂਗਾ ਨਾ, ਕਿਵੇਂ ਤੂੰ ਸੋਚਿਐ,
ਡੁੱਬਿਆ ਸੂਰਜ ਹਾਂ ਮੈਂ, ਮਰਿਆ ਨਹੀਂ।

ਅਜ਼ਲ ਤੋਂ ਭਾਵੇਂ ਖਿਜ਼ਾਵਾਂ ਝੱਲੀਆਂ,
ਪਰ ਖਿਜ਼ਾਵਾਂ ਦੇਖ ਕੇ ਝੁਰਿਆ ਨਹੀਂ।

ਗ਼ਮ ਜੁਦਾਈ ਦਾ ਹੰਢਾਇਐ ਦੇਵ ਨੇ,
ਫੇਰ ਵੀ ਜਿੰਦਾ ਰਿਹਾ, ਮਰਿਆ ਨਹੀਂ।

•



❑

ਜ਼ਿੰਦਗੀ ਵਿਚ ਹਰ ਕਦਮ ਡਰਦਾ ਰਿਹਾ,
ਪੈਰ ਪਰ ਅੱਗੇ ਹੀ ਮੈਂ ਧਰਦਾ ਰਿਹਾ।

ਸਿਦਕ ਰੱਖ ਫਰਿਹਾਦ ਵਾਂਗੂੰ ਮੈਂ ਸਦਾ,
ਨਿੱਤ ਨਵੀਂ ਮੰਜ਼ਿਲ ਮੈਂ ਸਰ ਕਰਦਾ ਰਿਹਾ।

ਕੰਡਿਆਂ ਤੇ ਹੀ ਗੁਜ਼ਾਰੀ ਉਮਰ ਮੈਂ,
ਪੀੜ ਦਾ ਹੁਣ ਤਾਂ ਰਤਾ ਨਾ ਡਰ ਰਿਹਾ।

ਉਮਰ ਭਰ ਹੀ ਮੈਂ ਹੰਢਾਈ ਹੈ ਖਿਜ਼ਾਂ,
ਆਸ ਗ਼ੁਲਸ਼ਨ ਦੀ ਸਦਾ ਕਰਦਾ ਰਿਹਾ।

ਆਪਣੇ ਘਰ ਹੀ ਰਿਹਾ ਦਿੱਨ ਰਾਤ ਦੇਵ,
ਗ਼ਮ ਹਮੇਸ਼ਾਂ ਓਸ ਦੇ ਘਰ ਦਾ ਰਿਹਾ।

•

❑

ਨੈਣਾਂ ਦਾ ਖੂਹ ਗਿੜਦੇ ਰਹਿਣਾ,
ਯਾਦ ਉਨ੍ਹਾਂ ਨੇ ਆਉਂਦੇ ਰਹਿਣਾ।

ਤੜਪ ਮਿਲਣ ਦੀ ਰਹਿਣੀ ਹਰ ਪਲ,
ਬਿਰਹਾ ਦੇ ਫੱਟ ਅੱਲੇ ਰਹਿਣਾ।

ਯਾਦਾਂ ਨੇ ਕੰਡੇ ਬਣ ਬਣ ਕੇ,
ਮੇਰੇ ਦਿਲ ਵਿਚ ਪੁੜਦੇ ਰਹਿਣਾ।

ਬਿਰਹਾ ਦੀ ਤਸਬੀ ਤੇ ਤੇਰਾ,
ਯੁੱਗਾਂ ਤਕ ਨਾਂ ਜਪਦੇ ਰਹਿਣਾਂ।

ਉਸਦੇ ਬਿਨ ਉਮਰਾਂ ਦੀ ਬੇੜੀ,
ਡੁੱਬਦੇ ਰਹਿਣਾ, ਤਰਦੇ ਰਹਿਣਾ।

ਦੇਵ ਲਗਾ ਕੇ ਸੀਨੇ ਯਾਦਾਂ
ਅੱਥਰੂਆਂ ਨੇ ਵਹਿੰਦੇ ਰਹਿਣਾ।

•



❑

ਪਾ ਮੁਹੱਬਤ ਹਲਾਲ ਕਰਦਾਂ ਏਂ,
ਯਾਰ ਤੂੰ ਵੀ ਕਮਾਲ ਕਰਦਾਂ ਏਂ।

ਤੂੰ ਖੁਦਾ ਨਾਲ ਰਾਬਤਾ ਰੱਖੇਂ,
ਵਿੱਚ ਕਾਜ਼ੀ ਦਲਾਲ ਕਰਦਾਂ ਏਂ।

ਕੁਝ ਪਤਾ ਚੱਲਦਾ ਨਹੀਂ ਤੇਰਾ,
ਕਹਿ ਕੇ ਕਾਫ਼ਿਰ ਹਲਾਲ ਕਰਦਾਂ ਏਂ,

ਮੰਗਿਆ ਦਿਲ, ਤਾਂ ਜਾਨ ਦੇ ਦਿੱਤੀ,
ਹੋਰ ਹੁਣ ਕੀ ਸਵਾਲ ਕਰਦਾਂ ਏਂ।

ਦੇਵ ਦਿਲ ਦਾ ਮਰੀਜ਼ ਹੈ ਚਿਰ ਤੋਂ,
ਤੂੰ ਨ ਉਸਦਾ ਖ਼ਿਆਲ ਕਰਦਾਂ ਏਂ।

•

❑

ਪੀੜ ਜੋ ਮੈਨੂੰ ਤੂੰ ਦਿੱਤੀ ਕਰਜ਼ ਹੈ,
ਜਿਸਮ ਦੀ ਮੈਨੂੰ ਨਾ, ਦਿਲ ਦੀ ਮਰਜ਼ ਹੈ।

ਜ਼ਿੰਦਗੀ ਕੋਲੋਂ ਤਾਂ ਥੱਕ ਚੁੱਕਾ ਹਾਂ ਮੈਂ,
ਮਾਰ ਖ਼ੰਜਰ ਦਿਲ 'ਚ, ਮੇਰੀ ਅਰਜ਼ ਹੈ।

ਯਾਦ ਰੱਖਾਂਗਾ ਮੈਂ ਤੈਨੂੰ ਉਮਰ ਭਰ,
ਮੈਂ ਨਿਭਾਉਣਾ ਹਸ਼ਰ ਤੀਕਰ ਫ਼ਰਜ਼ ਹੈ।

ਹਉਕਿਆਂ, ਆਹਾਂ 'ਚ, ਬੀਤੀ ਜ਼ਿੰਦਗੀ,
ਜੇ ਖੁਸ਼ੀ, ਥੋੜਾ ਮਿਲੇ ਕੀ ਹਰਜ਼ ਹੈ।

ਦੇਵ ਨੂੰ ਵੀ ਹਾਲ ਪੁੱਛਿਆ ਕਰ ਕਦੇ,
ਸਾਹਮਣੇਂ ਰੱਖੀ ਤੂੰ ਅਪਣੀ ਗਰਜ਼ ਹੈ।

•



❑

ਉਹ ਜ਼ਿੰਦਗੀ ਦੇ ਹਾਦਸੇ ਕਿੰਨੇ ਅਜੀਬ ਸੀ,
ਜਦ ਉਹ ਮਿਰੇ ਕਰੀਬ ਮੈਂ ਉਸਦੇ ਕਰੀਬ ਸੀ

ਉਹ ਪਲ ਹੁਸੀਨ ਰਹਿਣਗੇ ਚੇਤੇ ਹਰੇਕ ਪਲ,
ਜਿਹੜੇ ਸਮੇਂ ਉਹ ਬਣ ਗਏ ਮੇਰੇ ਹਬੀਬ ਸੀ।

ਮੈਨੂੰ ਜਦੋਂ ਇਹ ਪੁੱਛਿਆ ਹੈ, ਕੌਣ ਹੋ ਤੁਸੀਂ,
ਦੱਸਾਂ ਕਿਵੇਂ ਉਹ ਵਕਤ ਵੀ ਕਿੰਨੇ ਅਜੀਬ ਸੀ।

ਪਿੱਛੇ ਉਨ੍ਹਾਂ ਦੇ ਮੈਂ ਹਮੇਸ਼ ਦੌੜਦਾ ਰਿਹਾ,
ਹੋਇਆ ਮਿਲਾਪ ਨਾ ਕਦੇ, ਮੇਰਾ ਨਸੀਬ ਸੀ।

ਮਨ ਚੋਂ ਭੁਲਾ ਦਿਉ ਸਭੇ ਸ਼ਿਕਵੇ, ਗ਼ਿਲੇ ਜਨਾਬ,
ਵੈਸੇ ਤਾਂ ਉਹ ਅਮੀਰ ਸੀ, ਦਿਲ ਦੇ ਗ਼ਰੀਬ ਸੀ।

ਮਿਲਿਆ ਅਗਰ ਹਬੀਬ ਨਾ ਤੂੰ ਦੇਵ ਝੂਰ ਨਾ,
ਨਾ ਉਹ ਕਸੂਰਵਾਰ ਸੀ, ਤੂੰ ਬਦਨਸੀਬ ਸੀ।

•

❑

ਤੂੰ ਜਿਸ ਦਿਨ ਤੋਂ ਹੈ ਮੇਰੇ ਰੂ-ਬ-ਰੂ ਹੋਣਾ,
ਸਫ਼ਰ ਮੇਰਾ ਉਸੇ ਦਿਨ ਤੋਂ ਸ਼ੁਰੂ ਹੋਣਾ।

ਜਦੋਂ ਫੁਲ ਖਿੜ੍ਹਨਗੇ ਤਾਂ ਰੁਮਕਣਾਂ ਪੌਣਾ,
ਉਦੋਂ ਜਜ਼ਬਾਤ ਦੀ ਹੈ ਗੁਫ਼ਤਗੂ ਹੋਣਾ।

ਮਿਰੇ ਯਾਰਾ ਤਿਰੇ ਸਾਹਾਂ ਦਾ ਸਾਥੀ ਮੈਂ,
ਮੈਂ ਤੇਥੋਂ ਵਾਰ ਕੇ ਜਿੰਦ ਸੁਰਖਰੂ ਹੋਣਾ।

ਮੈਂ ਟੁਟਕੇ ਅੰਬਰੋਂ ਬਸ ਲੀਕ ਬਣਿਆਂ ਹਾਂ,
ਕਿ ਲੇਖਾਂ ਵਿਚ ਨਹੀਂ ਲਿਖਿਆ ਧਰੂ ਹੋਣਾ।

ਉਨ੍ਹਾਂ ਹਰ ਮੋੜ 'ਤੇ ਮੈਨੂੰ ਹੈ ਢਾਅ ਲਾਈ,
ਭੁਲੇਖਾ ਸੀ ਮਿਰਾ ਇਹ ਸ਼ੱਤਰੂ ਹੋਣਾ।

ਅਸੀਂ ਦਿਲ ਖੋਲ੍ਹ ਕੇ ਧਰਿਆ ਉਨ੍ਹਾਂ ਅੱਗੇ,
ਨ ਐਵੇਂ ਬੁਜ਼ਦਿਲਾਂ ਵਾਂਗੂੰ ਡਰੂ ਹੋਣਾ।

•



❑

ਮੈਂ ਇਕੱਲਾ ਬੈਠ ਕੇ ਹਾਂ ਸੋਚਦਾ,
ਭੁੱਲ ਜਾਵਾਂ ਓਸ ਨੂੰ ਉਸ ਕਿਉਂ ਕਿਹਾ।

ਸੁਪਨਿਆਂ ਦੀ ਮੌਤ ਮੇਰੀ ਮੌਤ ਸੀ,
ਮੈਂ ਤਾਂ ਸੁਪਨੇ ਹੀ ਰਿਹਾ ਫੜਦਾ ਸਦਾ।

ਵਾਂਗ ਪਰਛਾਵੇਂ ਉਹ ਲਮਹਾ ਬੀਤਿਆ,
ਤੇ ਮੈਂ ਪਰਛਾਵੇਂ ਦੀ ਸੂਲੀ ਚੜ੍ਹ ਗਿਆ।

ਭੁੱਲਣਾ ਔਖਾ ਬੜਾ ਹੈ ਓਸ ਨੂੰ,
ਹਿਜਰ ਉਸਦਾ ਉਮਰ ਭਰ ਮੈਂ ਭੋਗਿਆ।

ਬਸ ਮੁਹੱਬਤ ਦਾ ਸੀ ਦਰਿਆ ਦੇਵ ਉਹ,
ਬੇਮੁਹਾਰਾ ਲੈ ਗਿਆ ਮੈਨੂੰ ਹੜ੍ਹਾ।

•

❑

ਅਜ਼ਲ ਤੋਂ ਹੀ ਚਲ ਰਿਹਾ ਜਜ਼ਬਾਤ ਦਾ ਸੰਗਰਾਮ ਹੈ,
ਏਸਦਾ ਆਗ਼ਾਜ਼ ਤੂੰ ਹੀ, ਏਸਦਾ ਅੰਜਾਮ ਹੈ।

ਮੈਂ ਮੁਹੱਬਤ ਦੀ ਡਗਰ ਦਾ ਹਾਂ ਸ਼ੁਦਾਈ ਹੋ ਗਿਆ,
ਵਾਂਗ ਪਰਵਾਨੇ ਦੇ ਸੜਨਾ ਹੀ ਮਿਰਾ ਆਰਾਮ ਹੈ।

ਲਾ ਰਿਹਾ ਇਲਜ਼ਾਮ ਤੇਰੇ ਸ਼ਹਿਰ ਦਾ ਹਰ ਆਦਮੀ,
ਯਾਰ ਤੇਰਾ ਹੋ ਗਿਆ ਬਸ ਮੁਫ਼ਤ ਵਿਚ ਬਦਨਾਮ ਹੈ।

ਮੈਂ ਤਾਂ ਗੌਤਮ ਵਾਂਗ ਤੈਨੂੰ ਛੱਡ ਕੇ ਨਾ ਜਾ ਸਕਾਂ,
ਏਸ ਦੀਵਾਨੇ ਦੇ ਦਿਲ ਵਿਚ ਚਲ ਰਿਹਾ ਕੁਹਰਾਮ ਹੈ।

ਵਕਤ ਨੇ ਹੈ ਬਦਲ ਦਿੱਤਾ ਦੋਸਤਾ ਚਿਹਰਾ ਤਿਰਾ,
ਮੈਂ ਉਡੀਕਾਂਗਾ ਹਸ਼ਰ ਤਕ ਦੇਵ ਮੇਰਾ ਨਾਮ ਹੈ।
•



❑

ਤਿਰੀ ਖਾਤਿਰ ਕਦੇ ਬੱਦਲ, ਕਦੇ ਮੈਂ ਅਰਸ਼ ਹੋਇਆ ਹਾਂ,
ਕਦੇ ਪਾਣੀ ਮੈਂ ਹੋਇਆ ਹਾਂ, ਕਦੇ ਮੈਂ ਬਰਫ਼ ਹੋਇਆ ਹਾਂ।

ਪੜ੍ਹਨ ਦੇ ਵਾਸਤੇ ਤੈਨੂੰ ਗ਼ਜ਼ਲ ਹਰ ਕੋਨ ਤੋਂ ਮੈਂ ਤਾਂ,
ਕਦੇ ਮੈਂ ਸਤਰ ਹੋਇਆ ਹਾਂ, ਕਦੇ ਮੈਂ ਹਰਫ਼ ਹੋਇਆ ਹਾਂ।

ਅਤੀਤ ਅਪਣੇ 'ਚ, ਦੇਖਣ ਵਾਸਤੇ ਤੈਨੂੰ ਮੈਂ ਐ ਯਾਰਾ,
ਕਦੇ ਵਾਲਾਂ ਦੀ ਚਾਂਦੀ ਤੇ ਕਦੇ ਮੈਂ ਕਲਫ਼ ਹੋਇਆ ਹਾਂ।

ਗ਼ਮਾਂ ਦੇ ਨਾਲ਼ ਹੀ ਸਾਰੀ ਇਹ ਮੇਰੀ ਉਮਰ ਬੀਤੀ ਹੈ,
ਮਿਲਣ ਦੇ ਵਾਸਤੇ ਮੈਂ ਉਮਰ ਭਰ ਦੀ ਤੜਫ਼ ਹੋਇਆ ਹਾਂ।

ਸਮੁੰਦਰ ਤੋਂ ਵੀ ਗਹਿਰੇ ਦਿਲ 'ਚ, ਵੱਸਣ ਵਾਸਤੇ ਹੀ ਤਾਂ,
ਕਦੇ ਕਿਸ਼ਤੀ, ਕਦੇ ਟਾਪੂ, ਕਦੇ ਮੈਂ ਗ਼ਲਫ਼ ਹੋਇਆਂ ਹਾਂ।

ਮੈਂ ਵਤਨੋਂ ਬੇ-ਵਤਨ ਹੋ ਕੇ ਹੀ ਤੈਥੋਂ ਟੁੱਟਿਆਂ ਯਾਰਾ,
ਤਦੇ ਹੀ ਤਾਂ ਤਿਰੇ ਦਿਲ ਚੋਂ ਮੈਂ ਇਉਂ ਬਰ ਤਰਫ਼ ਹੋਇਆ ਹਾਂ!
•

❑

ਇਸ ਪਿਆਰ ਦੇ ਆਲਮ ਵਿਚ, ਤਾਂ ਸ਼ਰਤ ਨਹੀਂ ਹੁੰਦੀ,
ਤੇ ਯਾਰ ਤਸੱਵਰ ਵਿਚ, ਜਿਉਂ ਧਰਤ ਨਹੀਂ ਹੁੰਦੀ।

ਰੁਖਸਾਰ ਛੁਪਾ ਨਾ ਤੂੰ, ਪਰਦੇ 'ਚ, ਇਵੇਂ ਯਾਰਾ,
ਇਸ ਇਸ਼ਕ ਦੇ ਰਿਸ਼ਤੇ ਵਿਚ, ਇਹ ਪਰਤ ਨਹੀਂ ਹੁੰਦੀ।

ਗੱਲਬਾਤ ਮੁਹੱਬਤ ਦੀ, ਕੁਝ ਸੋਚ ਕੇ ਕਰਿਆ ਕਰ,
ਜਜ਼ਬਾਤ ਦੀ ਇਸ ਦੇ ਵਿਚ, ਇਉਂ ਭਰਤ ਨਹੀਂ ਹੁੰਦੀ।

ਇਹ ਇਸ਼ਕ ਦਾ ਮਸਲਾ ਹੈ, ਕੀ ਕੰਮ ਸਿਆਣਪ ਦਾ,
ਹੋਵੇ ਜੇ ਸਿਆਣਪ ਵੀ, ਤਾਂ ਵਰਤ ਨਹੀਂ ਹੁੰਦੀ।

ਤੂੰ ਦੇਵ ਮੁਹੱਬਤ ਨੂੰ, ਆਜ਼ਾਦ ਤਾਂ ਕਰ ਯਾਰਾ,
ਇਸ ਵਿੱਚ ਗੁਲਾਮੀ ਦੀ, ਤਾਂ ਗਰਤ ਨਹੀਂ ਹੁੰਦੀ।

•



❑

ਪਤਝੜ ਦੇ ਵਿਚ ਖਿੜ ਪਿਆ, ਮੈਂ ਉਹ ਫੁੱਲ ਅਜੀਬ,
ਹਰ ਪਲ ਰਹਿੰਦੀ ਹੈ ਸਦਾ, ਮੇਰੇ ਔੜ ਕਰੀਬ।

ਮੈਂ ਸਿੱਖਿਐ ਫਰਿਹਾਦ ਤੋਂ, ਦੇਵਾਂ ਪਰਬਤ ਚੀਰ,
ਦੁਨੀਆਂ ਛੱਡ ਬਣਾ ਲਿਆ, ਮੈਂ ਫਰਿਹਾਦ ਹਬੀਬ।

ਛੱਡ ਪਰੇ ਸ਼ਿਕਵੇ, ਗਿਲੇ, ਆ ਗਲ ਮਿਲੀਏ ਯਾਰ,
ਜਿਹੜਾ ਬਿਰਹਾ ਭੋਗਿਆ, ਅਪਣਾ ਯਾਰ ਨਸੀਬ।

ਭਾਵੇਂ ਤਾਰੇ ਗਿਣਦਿਆਂ, ਕੱਟੀ ਸਾਰੀ ਰਾਤ,
ਪਹਿਰ ਅਖੀਰੀ ਰਾਤ ਦਾ, ਹੁਣ ਪਰਭਾਤ ਕਰੀਬ।

ਜਿਹੜੇ ਡਰਦੇ ਮਰਨ ਤੋਂ, ਉਹ ਲੋਕੀ ਨੇ ਹੋਰ,
ਦੇਵ ਕਨੂੰਨ, ਜਲਾਦ ਖੁਦ, ਤੇ ਉਹ ਆਪ ਸਲੀਬ।

•

❑

ਜਦ ਵੀ ਤੇਰਾ ਖ਼ਿਆਲ ਆਉਂਦਾ ਹੈ,
ਦਿਲ ਖ਼ੁਸ਼ੀ ਵਿਚ ਧਮਾਲ ਪਾਉਂਦਾ ਹੈ।

ਬੈਠ ਕੇ ਉਹ ਉਦਾਸ ਰਾਤਾਂ ਵਿਚ,
ਜਦ ਵੀ ਆਉਂਦਾ ਜਲਾਲ ਗਾਉਂਦਾ ਹੈ।

ਦੀਪ ਬਣ ਕੇ ਤਿਰੇ ਉਹ ਰਾਹਾਂ ਨੂੰ,
ਉਹ ਲਹੂ ਬਾਲ ਰੌਸ਼ਨਾਉਂਦਾ ਹੈ।

ਦੇਵ ਕੋਸ਼ਿਸ਼ ਕਰੇ ਭੁਲਾਉਣੇ ਦੀ,
ਜਦ ਵੀ ਤੇਰਾ ਖ਼ਿਆਲ ਆਉਂਦਾ ਹੈ।

•



❑

ਮੈਂ ਕਿਸੇ ਬਿਰਖ ਵਾਂਗ ਸੁਕ ਜਾਣਾ,
ਮੈਂ ਤਾਂ ਬੇੜੀ ਦੇ ਵਾਂਗ ਰੁੜ ਜਾਣਾ।

ਰੇਤ ਉੱਤੇ ਨ ਭਾਲ ਤੂੰ ਪੈੜਾਂ,
ਰੇਤ ਹੈ, ਰੇਤ ਨੇ ਤਾਂ ਉਡ ਜਾਣਾ।

ਦੌੜ ਇਉਂ ਨ ਤੂੰ ਮਗਰ ਸਾਏ ਦੇ,
ਦਿਨ ਢਲੇ ਏਸ ਨੇ ਵੀ ਲੁਕ ਜਾਣਾ।

ਏਸ ਥਲ ਵਿਚ ਕਿਸੇ ਨਹੀਂ ਵਰ੍ਹਨਾ,
ਏਸ ਬਦਲੀ ਨੇ ਵੀ ਤਾਂ ਉਡ ਜਾਣਾ।

ਯਾਦ ਤੇਰੀ 'ਚ, ਰੋਜ਼ ਧੁਖਦਾ ਹੈ,
ਧੁਖਦਿਆਂ ਦੇਵ ਨੇ ਤਾਂ ਬੁਝ ਜਾਣਾ।

•

❑

ਧੜਕਣਾਂ ਦਿਲ ਦੀ ਹੈ ਇਸ ਗੱਲ ਦੀ ਗਵਾਹ,
ਚੱਲਣਾ ਹੀ ਜ਼ਿੰਦਗੀ, ਰੁਕਣਾ ਫ਼ਨਾਹ।

ਜਦ ਹਵਾਵਾਂ ਨਾਲ਼ ਉਡਿਆ ਅੰਬਰੀਂ,
ਪਰਬਤੀਂ ਟਕਰਾ ਗਿਆ, ਹੋਇਆ ਤਬਾਹ।

ਬਿਨ ਵਰ੍ਹੇ ਗੁਜ਼ਰੇਗਾ ਉਹ ਇਸ ਵਰਸ ਵੀ,
ਏਸ ਥਲ ਵਿਚ ਓਸ ਦਾ ਵਰ੍ਹਨਾ ਗੁਨਾਹ।

ਹਸ਼ਰ ਤੀਕਰ ਦਿਲ ਚ, ਹੁਣ ਮੇਰੇ ਰਹੂ,
ਦਿਲ 'ਚ, ਤੇਰੇ ਦਰਦ ਨੂੰ ਦਿੱਤੀ ਪਨਾਹ।

ਇਹ ਨ ਚਸ਼ਮਾਂ ਹੈ ਤੇ ਨਾ ਇਹ ਹੈ ਨਦੀ,
ਪਿਆਰ ਸਾਗਰ ਵਾਂਗਰਾਂ ਮੇਰਾ ਅਥਾਹ।

ਦੇਵ ਬਣਿਐਂ ਮੇਘ ਤੈਨੂੰ ਮਿਲਣ ਨੂੰ,
ਹਰ ਸਿਤਾਰਾ ਏਸ ਗੱਲ ਦਾ ਗਵਾਹ।

•



❑

ਹਸ਼ਰ ਤਕ ਵਧਦੇ ਗਏ ਅਪਣੇ ਵਿਚਾਲੇ ਫ਼ਾਸਲੇ,
ਰਹਿ ਗਏ ਰੀਝਾਂ ਦੇ ਸਾਰੇ ਹੀ ਅਧੂਰੇ ਕਾਫ਼ਲੇ।

ਦੇਰ ਤੋਂ ਦਹਿਲੀਜ਼ ਤੇ ਮੈਂ ਤਾਂ ਖੜ੍ਹਾ ਹੀ ਰਹਿ ਗਿਆ,
ਆਪਣੇ ਦਿਲ ਵਿੱਚ ਤੂੰ ਦਿੱਤੇ ਨ ਮੈਨੂੰ ਦਾਖ਼ਲੇ।

ਸਾਥ ਤੇਰੇ ਹਿਜਰ ਨੇ ਦਿੱਤਾ ਹੈ ਮੇਰਾ ਉਮਰ ਭਰ,
ਨਾ ਚੁਕਾਏ ਤੂੰ ਕਦੇ ਬਿਰਹਾ ਤਿਰੀ ਦੇ ਮਾਮਲੇ।

ਹਰ ਅਦਾ ਤੇਰੀ ਚ ਤਾਂ ਲੁਕਿਆ ਜਿਵੇਂ ਇਕ ਮਕਰ ਸੀ,
ਜ਼ਿੰਦਗੀ ਭਰ ਤੂੰ ਦਿਖਾਏ ਖ਼ਾਬ ਹੀ ਬਸ ਰਾਂਗਲੇ।

ਦੇਵ ਦੇ ਲਗ ਜਾ ਗਲੇ ਹੁਣ ਤਾਂ ਭੁਲਾ ਕੇ ਰੰਜਸ਼ਾਂ,
ਕਦ ਕੁ ਤਕ ਇਹ ਰਹਿਣਗੇ ਬਿਰਹਾ ਦੇ ਯਾਰਾ ਤੌਖਲੇ।

•

❑

ਕਿਉਂ ਦੁਖੀ ਹੈ, ਕੌਣ ਕਰਦਾ, ਏਸਦਾ ਅਪਮਾਨ ਹੈ,
ਰੋ ਰਿਹਾ ਹੈ ਕਿਉਂ ਭਲਾ ਇਹ, ਅੱਜ ਦਾ ਇਨਸਾਨ ਹੈ।

ਹੋਰ ਨਾ ਕੋਈ ਇਹ ਅਪਣੇ ਆਪ ਦਾ ਭਗਵਾਨ ਹੈ,
ਸਾਰਿਆਂ ਦਾ ਅੰਨ-ਦਾਤਾ, ਆਪ ਇਹ ਕਿਰਸਾਨ ਹੈ।

ਉਮਰ ਭਰ ਭਰਦਾ ਰਿਹਾ ਏ, ਪੇਟ ਸਾਰੇ ਜੱਗ ਦਾ,
ਆਪ ਹੁਣ ਕੈਂਸਰ ਦਾ ਰੋਗੀ, ਕੁਝ ਘੜੀ ਮਹਿਮਾਨ ਹੈ।

ਮੁੱਲ ਵਾਜਬ ਫ਼ਸਲ ਦਾ ਪਾਉਂਦਾ ਨਹੀਂ ਜਿਹੜਾ ਕਦੀ,
ਵੱਟਦਾ ਤਾਜ਼ਰ ਮੁਨਾਫ਼ਾ ਦਿਲ ਦਾ ਬੇਈਮਾਨ ਹੈ।

ਹਰ ਜਗ੍ਹਾ ਰਿਸ਼ਵਤ ਦਾ ਏਥੇ ਬੋਲਬੋਲਾ ਹੋ ਗਿਆ,
ਲੁੱਚਾ ਲਫੰਗਾ, ਦੇਵ ਹੁਣ ਪਰਧਾਨ ਹੈ।

•



❑

ਤੂੰ ਜ਼ਿੰਦਗੀ ਚ, ਮੇਰੇ, ਖੁਸ਼ੀਆਂ ਬਹਾਲ ਕਰ ਦੇ,
ਦਿਲ ਆਪਣਾ ਤੂੰ ਮੇਰੇ, ਨਾਂ ਇੰਤਕਾਲ ਕਰ ਦੇ।

ਨੈਣਾਂ ਦਾ ਨੂਰ ਨਿਸਦਿਨ, ਘਟਦਾ ਹੀ ਜਾ ਰਿਹਾ ਹੈ,
ਆ ਸਾਹਮਣੇ ਤੂੰ ਮੇਰੇ, ਅੱਖਾਂ ਮਿਸ਼ਾਲ ਕਰ ਦੇ।

ਰੋਹੀ ਦਾ ਰੁੱਖ ਹਾਂ ਮੈਂ, ਮੈਨੂੰ ਉਡੀਕ ਤੇਰੀ,
ਮੀਂਹ ਵਾਂਗ ਤੂੰ ਬਰਸ ਕੇ, ਮੈਨੂੰ ਨਿਹਾਲ ਕਰ ਦੇ।

ਤੇਰੀ ਉਡੀਕ ਦੇ ਵਿਚ, ਅੱਖਾਂ ਇਹ ਪੱਕੀਆਂ ਨੇ,
ਦੀਦੇ ਮਿਲਾਪ ਖਾਤਿਰ, ਤੇਨੂੰ ਸਵਾਲ ਕਰ ਦੇ।

ਇੱਕੋ ਉਮੀਦ ਲੈ ਕੇ, ਹੁਣ ਤੀਕ ਜੀਅ ਰਹੇ ਹਾਂ,
ਸਾਂਝੇ ਇਹ ਸੰਦਲੀ ਸਾਹ, ਤੂੰ ਦੇਵ ਨਾਲ਼ ਕਰ ਦੇ।

•

❑

ਤੂੰ ਜ਼ੁਲਫੀਂ ਮੁੱਖ ਲੁਕਾਇਆ ਹੈ,
ਦਿਲ ਦੇਖਣ ਨੂੰ ਲਲਚਾਇਆ ਹੈ।

ਤੂੰ ਵਧਦਾ ਘਟਦਾ ਰਹਿੰਦਾ ਏ,
ਹਰ ਕੋਨੇ ਤੋਂ ਅਜ਼ਮਾਇਆ ਹੈ।

ਮੈਂ ਤੇਰੇ ਦਿਲ ਦੇ ਦਾਗਾਂ ਨੂੰ,
ਸੀਨੇ ਦੇ ਵਿੱਚ ਲੁਕਾਇਆ ਹੈ।

ਉਪਰੋਂ ਹੀ ਮੇਘ ਗਰਜਦਾ ਸੀ,
ਅੰਦਰੋਂ ਤਾਂ ਨੀਰ ਵਹਾਇਆ ਹੈ।

ਤੂੰ ਉਹ ਤਾਂ ਨਈਂ ਜੋ ਦਿਸਦਾਂ ਏਂ,
ਦਿਲ ਤੇਰਾ ਕਿਉਂ ਪਥਰਾਇਆ ਹੈ।

•



❑

ਨਾ ਕਰ ਤੂੰ ਮਨਮੀਤ ਦੀ ਗੱਲ,
ਉਹ ਤਾਂ ਸਿਰਫ਼ ਅਤੀਤ ਦੀ ਗੱਲ।

ਰਾਤ ਗਈ ਤਾਂ ਬਾਤ ਗਈ,
ਨਾ ਕਰ ਯਾਰ ਪ੍ਰੀਤ ਦੀ ਗੱਲ।

ਕਿਸ ਕੋਲ ਸਮਾਂ ਜੋ ਗੀਤ ਪੜ੍ਹੇ,
ਛੱਡ ਪਰ੍ਹਾਂ ਉਸ ਗੀਤ ਦੀ ਗੱਲ।

ਜੱਗ ਭਲਾ ਕਿਸ ਨੇ ਜਿੱਤਿਐ,
ਕਰਨੀ ਛੱਡ ਜਗਜੀਤ ਦੀ ਗੱਲ।

ਗੰਧਲੀ ਹੋਈ ਸੋਚ ਤਿਰੀ,
ਛੱਡ ਦੇ ਸੋਚ ਪਲੀਤ ਦੀ ਗੱਲ।

ਏਥੇ ਕੌਣ ਬਖਸ਼ਦਾ ਏ,
ਦੇਵ ਕਰੇ ਮਨਮੀਤ ਦੀ ਗੱਲ।

•

❑

ਕੱਲ੍ਹ ਮੈਨੂੰ ਬਿਰਖ ਦਿੱਤੀ ਖ਼ਬਰ ਸੀ,
ਵੱਢ ਕੇ ਉਸ ਤੇ ਵੀ ਕਰਿਆ ਜਬਰ ਸੀ।

ਮੈਂ ਖੜ੍ਹਾ ਰੋਂਦਾ ਰਿਹਾ ਪਰ ਓਸ ਨੇ,
ਦੇਖ ਕੇ ਮੈਨੂੰ ਬਣਾਈ ਕਬਰ ਸੀ।

ਫੱਟ ਸਾਰੇ ਚੁੱਪ ਰਹਿ ਕੇ ਸਹਿ ਗਿਆ,
ਓਸ ਦਾ ਇਹ ਜਬਰ ਮੇਰਾ ਸਬਰ ਸੀ।

ਆਲ੍ਹਣੇ 'ਚੋਂ ਬੋਟ ਡਿੱਗੇ, ਮਰ ਗਏ,
ਮਾਂ ਨੂੰ ਇਸ ਦੀ ਨਾ ਕੋਈ ਖ਼ਬਰ ਸੀ।

ਜ਼ਿੰਦਗੀ ਭਰ ਦੇਵ ਛਾਵੇਂ ਬੈਠਦੇ,
ਜੇ ਬਣਾਈ ਤੂੰ ਨ ਹੁੰਦੀ ਕਬਰ ਸੀ।

•



❑

ਝੜ ਜਾਣਾ ਹੈ ਆਪਾਂ ਤਾਂ, ਬਿਨ ਖਿਲਿਆਂ ਨੇ,
ਫੇਰ ਨ ਮੁੜ ਕੇ ਆਉਣਾ ਹੈ, ਦਿਲ ਜਲਿਆਂ ਨੇ।

ਉਮਰ ਹੰਢਾਈ ਸਾਰੀ ਵਿੱਚ ਉਡੀਕਾਂ ਦੇ,
ਤੁਰ ਜਾਣਾ ਸੱਜਣਾਂ ਨੂੰ ਬਿਨ ਮਿਲਿਆਂ ਦੇ।

ਸਾਨੂੰ ਇੰਝ ਮਿਟਾਉਣੇ ਦਾ ਨਾ ਕਸ਼ਟ ਕਰੋ,
ਆਪ ਅਸੀਂ ਮਿਟ ਜਾਣਾ ਹੈ, ਦਿਲ ਜਲਿਆਂ ਨੇ।

ਰਹਿਣ ਦਿਓ ਮਰਿਆਂ ਨੂੰ, ਹੋਰ ਨ ਮਾਰੋ ਹੁਣ,
ਆਪੇ ਹੀ ਮਰ ਜਾਣਾ, ਕੱਲਮ ਕੱਲਿਆਂ ਨੇ।

ਦਰਦ ਹੰਢਾਇਐ ਦੇਵ ਅਸੀਂ ਤਾਂ ਸਦੀਆਂ ਤੋਂ,
ਰੋ ਰੋ ਕੇ ਚੁੱਪ ਕਰ ਜਾਣਾ ਹੈ ਝੱਲਿਆਂ ਨੇ।

•

❑

ਕੀ ਕਰ ਲੈਣੈਂ ਆਪਾਂ ਸੁੱਕਿਆਂ ਪੱਤਿਆਂ ਨੇ,
ਪੌਣਾਂ ਵਿਚ ਉਡ ਜਾਣੈ, ਸੁੱਕਿਆਂ ਪੱਤਿਆਂ ਨੇ।

ਉੱਡ ਜਾਣਾ ਹੈ ਆਪਾਂ ਨਾਲ਼ ਹਵਾਵਾਂ ਦੇ,
ਖ਼ਬਰੇ ਕਿੱਥੇ ਜਾਣੈ, ਉੱਡਿਆਂ ਪੱਤਿਆਂ ਨੇ।

ਉਮਰ ਅਸਾਡੀ ਤਾਂ ਬਸ ਪਤਝੜ ਤੀਕਰ ਸੀ,
ਰੂੜੀ ਬਣ ਜਾਣਾ ਹੈ ਗਲਿਆਂ ਪੱਤਿਆਂ ਨੇ।

ਪੀਲੇ ਹੋ ਕੇ ਰੁੱਖਾਂ ਤੋਂ ਟੁਟ ਚੁੱਕੇ ਹਾਂ,
ਨਾ ਰੁੱਖਾਂ ਨੂੰ ਮੁੜ ਕੇ ਮਿਲਣਾ ਪੱਤਿਆਂ ਨੇ।

ਸਾਨੂੰ ਕਿਸ ਨੇ ਦਰਵਾਜ਼ੇ 'ਤੇ ਟੰਗਣਾ ਹੈ,
ਚੁੱਲੇ ਵਿਚ ਹੀ ਬਲਣਾ ਸੁਕਿਆਂ ਪੱਤਿਆਂ ਨੇ।

ਕੀ ਆਪਾਂ ਨੇ ਰੁੱਖਾਂ ਤੇ ਸ਼ਿਕਵਾ ਕਰਨਾ,
ਉਮਰ ਵਿਹਾ ਕੇ ਅਪਣੀ ਝੜਿਆਂ ਪੱਤਿਆਂ ਨੇ।

ਦੇਵ ਅਸਾਂ ਨੂੰ ਰੋਲੋ ਨਾ ਪੈਰਾਂ ਥੱਲੇ,
ਹੋਰ ਅਸੀਂ ਕੀ ਰੁਲਣਾ ਰੁਲਿਆਂ ਪੱਤਿਆਂ ਨੇ।

•



❑

ਜ਼ਿੰਦਗੀ ਭਰ ਇੰਝ ਹੀ ਰਹਿਣਾ ਖ਼ਲਾਅ,
ਇਹ ਰਹੇਗਾ ਉਮਰ ਭਰ ਸ਼ਿਕਵਾ ਦਿਲਾ।

ਦਿਲ 'ਚ ਫਿਰ ਉਠਦਾ ਰਹੇਗਾ ਜ਼ਲਜ਼ਲਾ;
ਜੇ ਮੁਹੱਬਤ ਵਿਚ ਮੈਂ ਤਨਹਾ ਰਿਹਾ।

ਅਜ਼ਲ ਤੋਂ ਦਿਲ ਨੂੰ ਇਹੋ ਝੋਰਾ ਰਿਹਾ,
ਅਜ਼ਲ ਤੋਂ ਬਿਰਹਾ ਦਾ ਏਹੋ ਸਿਲਸਿਲਾ।

ਜੇ ਬਹਾਰਾਂ ਵਿੱਚ ਰੁੱਖ ਨ ਮੌਲਿਆ,
ਇਸ 'ਚ, ਕੀ ਦੋਸ਼ ਮਾਲੀ ਦਾ ਭਲਾ।

ਬੁਲਬਲੇ ਦੇ ਵਾਂਗ ਪਲ ਭਰ ਜ਼ਿੰਦਗੀ,
ਦੇਵ ਹੁਣ ਮਹਿਮਾਨ ਕੁਝ ਪਲ ਦਾ ਰਿਹਾ।

•

❑

ਇਹ ਦਰਦ ਕਹਾਣੀ ਉਮਰਾਂ ਦੀ,
ਇਹ ਮਰਜ਼ ਪੁਰਾਣੀ ਉਮਰਾਂ ਦੀ।

ਇਹ ਪੀੜ ਕਦੇ ਨਾ ਘਟਦੀ ਹੈ,
ਇਹ ਤਾਂ ਮਰ ਜਾਣੀ ਉਮਰਾਂ ਦੀ।

ਸਾਡੀ ਖਾਤਿਰ ਨਾ ਪੀੜ ਨਵੀਂ,
ਜਾਣੀ ਪਹਿਚਾਣੀ ਉਮਰਾਂ ਦੀ।

ਉਹ ਯਾਦ ਪੁਰਾਣੀ ਨਹੀਂ ਮਰਦੀ,
ਇਹ ਖ਼ਸਮਾਂ ਖਾਣੀ ਉਮਰਾਂ ਦੀ।

ਮੈਂ ਉਮਰ ਹੰਢਾਈ ਪੀੜਾਂ ਵਿੱਚ,
ਚੀਸ ਇ ਮਰਜਾਣੀ ਉਮਰਾਂ ਦੀ।

ਇਹ ਪੀੜ ਵਸੀ ਦਿਲ ਵਿਚ ਮੇਰੇ,
ਜਿਉਂ ਦੇਵ ਸਵਾਣੀ ਉਮਰਾਂ ਦੀ।

•



❑

ਕੁਝ ਕੁ ਤੇਰੇ ਪਿਆਰ ਨੇ ਹੈ ਮਾਰਿਆ,
ਮਿਲਣ ਤੋਂ ਇਨਕਾਰ ਨੇ ਹੈ ਮਾਰਿਆ।

ਓਸਦੇ ਇਨਕਾਰ ਤੋਂ ਤਾਂ ਬਚ ਗਏ,
ਕਰ ਲਏ ਇਤਬਾਰ ਨੇ ਹੈ ਮਾਰਿਆ।

ਭੁੱਲ ਜਾਵਾਂ ਕਿੰਝ ਮੁਹੱਬਤ ਓਸ ਦੀ,
ਪਿਆਰ ਦੇ ਇਜ਼ਹਾਰ ਨੇ ਹੈ ਮਾਰਿਆ।

ਓਸ ਬਦ ਕਿਰਦਾਰ ਉੱਤੇ ਕੀ ਗਿਲਾ,
ਆਪਣੇ ਕਿਰਦਾਰ ਨੇ ਹੈ ਮਾਰਿਆ।

ਦੁਸ਼ਮਣਾਂ ਦੀ ਦੁਸ਼ਮਣੀ ਤੋਂ ਬਚ ਗਏ,
ਦੇਵ ਨੂੰ ਪਰ ਯਾਰ ਨੇ ਹੈ ਮਾਰਿਆ।

•

❑

ਆਪਣਾ ਦਿਲ ਤੂੰ ਸ਼ਮਾਂ ਵਾਂਗਰ ਜਲਾ ਕੇ ਦੇਖ ਲੈ,
ਸੜ ਮਰਾਂ ਭੰਬਟ ਦੇ ਵਾਂਗੂੰ, ਆਜ਼ਮਾ ਕੇ ਦੇਖ ਲੈ।

ਡੰਗਿਆ ਉਸਦੀ ਮੁਹੱਬਤ ਨੇ ਦਿਲਾ, ਹੁਣ ਕਿਉਂ ਡਰੇਂ,
ਡੰਗ ਬਿਰਹੋਂ ਦਾ ਵੀ ਹੁਣ ਇਕ ਵਾਰ ਖਾ ਕੇ ਦੇਖ ਲੈ।

ਮੈਂ ਮੁਹੱਬਤ ਦਾ ਹਾਂ ਚਸ਼ਮਾਂ, ਜੇ ਨਹੀਂ ਤੈਨੂੰ ਯਕੀਨ,
ਆ ਮਿਰੇ ਹੋਠਾਂ ਨ ਅਪਣੇ ਹੋਂਠ ਲਾ ਕੇ ਦੇਖ ਲੈ।

ਗੂੰਜ ਉੱਠੇਗਾ ਦਿਲਾਂ ਵਿੱਚੋਂ ਮੁਹੱਬਤ ਦਾ ਸੰਗੀਤ,
ਆ ਮਿਰੇ ਸਾਹਾਂ ਚ, ਅਪਣੇ ਸਾਹ ਰਲਾ ਕੇ ਦੇਖ ਲੈ।

ਮੈਂ ਨਹੀਂ ਗੌਤਮ ਜੁ ਤੈਨੂੰ ਛੱਡ ਜਾਵਾਂ ਸੁੱਤਿਆਂ,
ਦੇਵ ਹੈ ਤੇਰਾ ਤੂੰ ਭਾਵੇਂ ਆਜ਼ਮਾ ਕੇ ਦੇਖ ਲੈ।

•



❑

ਇਹ ਮੁਹੱਬਤ ਇਸ਼ਕ ਵਿਚ ਹੁੰਦੀ ਵਕੀਲ,
ਇਹ ਇਬਾਦਤ ਰੱਬ ਦੇ ਘਰ ਦੀ ਅਪੀਲ।

ਇਸ਼ਕ ਦੇ ਲੇਖਾਂ ਚ, ਲਿਖੀ ਹੈ ਸਲੀਬ,
ਚੱਲਦੀ ਨਾ ਇਸ਼ਕ ਵਿਚ ਕੋਈ ਦਲੀਲ।

ਯਾਰ ਦੇ ਦਰਬਾਰ ਨਿੱਤ ਪੈਂਦੀ ਤਰੀਖ਼,
ਆਪ ਹੀ ਮੁਨਸਫ਼ ਹੈ ਉਹ, ਖ਼ੁਦ ਹੀ ਵਕੀਲ।

ਤੜਪਦਾ ਹੈ ਦੇਵ ਹੁਣ, ਲੱਗੀ ਹੈ ਤੋੜ,
ਆ ਪਿਲਾ ਨੈਣਾਂ ਚ, ਲੱਗੀ ਹੈ ਛਬੀਲ।

•

❑

ਮੈਂ ਤਿਰਾ ਦਰਪਣ ਕਦੇ ਨਜ਼ਰਾਂ ਮਿਲਾ ਕੇ ਦੇਖ ਲੈ
ਮੈਂ ਤਿਰਾ ਆਪਾਂ ਦਿਖਾਵਾਂ, ਆਪ ਆ ਕੇ ਦੇਖ ਲੈ।

ਬਣ ਗਿਆ ਤੇਰਾ ਵਿਛੋੜਾ ਹੁਣ ਮੁਕੱਦਰ ਆਪਣਾ,
ਦਰਦ ਕੁਝ ਮੇਰਾ ਕਦੇ, ਦਿਲ ਨੂੰ ਲਗਾ ਕੇ ਦੇਖ ਲੈ।

ਮਾਰ ਕੇ ਸੀਨੇ ਚ, ਖ਼ੰਜਰ ਦਰਦ ਮੇਰਾ ਪੁੱਛਦੈਂ,
ਆਪ ਤੂੰ ਦਿੱਤੇ ਨੇ ਜਿਹੜੇ, ਦਰਦ ਆ ਕੇ ਦੇਖ ਲੈ।

ਮੇਰਿਆਂ ਰਾਹਾਂ ਚ, ਹਾਲੇ ਹੋਰ ਕਿੰਨੇ ਹਾਦਸੇ,
ਰਾਹ ਦੀਆਂ ਦੁਸ਼ਵਾਰੀਆਂ ਤੂੰ ਆਪ ਆ ਕੇ ਦੇਖ ਲੈ।

ਦੇਵ ਤੇਰੇ ਹੁਸਨ ਦਾ ਪਾਣੀ ਭਰੇਗਾ ਉਮਰ ਭਰ,
ਬਸ ਮੁਹੱਬਤ ਨਾਲ਼ ਤੂੰ ਕੇਰਾਂ ਬੁਲਾ ਕੇ ਦੇਖ ਲੈ।

•



❑

ਉਮਰ ਭਰ ਭੁੱਲਿਆ ਨਹੀਂ ਮੈਨੂੰ ਅਤੀਤ
ਮੈਂ ਭੁਲਾ ਸਕਿਆ ਨਹੀਂ ਪਹਿਲੀ ਪ੍ਰੀਤ।

ਪਲ ਕੁ ਤੇਰੇ ਹੁਸਨ ਦੀ ਦੇਖੀ ਝਲਕ,
ਉਮਰ ਭਰ ਲਿਖਦਾ ਰਿਹਾ, ਓਸੇ ਦੇ ਗੀਤ।

ਸ਼ਹਿਰ ਤੇਰਾ ਰਾਸ ਨਾ ਆਇਆ ਕਦੇ,
ਓਪਰਾਪਣ ਸ਼ਹਿਰ ਤੇਰੇ ਦੀ ਹੈ ਰੀਤ।

ਮਾਰਿਆ ਹੈ ਬੇਵਫ਼ਾਈ ਮਾਰਿਆ,
ਲੈ ਬਹੀ ਮੈਨੂੰ ਤਿਰੇ ਸਾਹਾਂ ਦੀ ਸੀਤ।

ਉਮਰ ਭਰ ਦਾ ਰੋਗ ਦਿਲ ਨੂੰ ਲਾ ਲਿਆ,
ਖੱਟਿਆ ਕੀ ਦੇਵ ਤੂੰ ਲਾ ਕੇ ਪ੍ਰੀਤ।

•

❑

ਯਾਦ ਤੇਰੀ ਵਿੱਚ ਮੈਂ ਸੜਦਾ ਰਿਹਾ,
ਹਸਰਤਾਂ ਦੇ ਨਾਲ਼ ਬਸ ਲੜਦਾ ਰਿਹਾ।

ਪੌਣ ਵਿਚ ਪੱਤੇ ਦੇ ਵਾਂਗੂੰ ਉੱਡਿਆ,
ਟੁੱਟ ਕੇ ਪਾਣੀ ਚ, ਮੈਂ ਹੜ੍ਹਦਾ ਰਿਹਾ।

ਮੇਟ ਦਿੱਤੀ ਪੈੜ ਤੇਰੀ ਪੌਣ ਨੇ,
ਪੈੜ ਮੈਂ ਸਏ ਦੀ ਫੜਦਾ ਰਿਹਾ।

ਰੀਝ ਮੇਰੀ ਨੂੰ ਪਿਆ ਜੇ ਬੂਰ ਵੀ,
ਉਹ ਗ਼ਮਾਂ ਦੇ ਨਾਲ਼ ਹੈ ਝੜ੍ਹਦਾ ਰਿਹਾ।

ਬੇਵਫ਼ਾਈ ਦਾ ਪਤਾ ਸੀ ਓਸਨੂੰ,
ਦੇਵ ਦੀ ਪਰ ਅਕਲ 'ਤੇ ਪੜਦਾ ਰਿਹਾ।

•



❑

ਨੈਣ ਕਰ ਬੈਠੇ ਮੁਹੱਬਤ ਦੀ ਖਤਾ,
ਇਸ ਖਤਾ ਦੀ ਮਿਲ ਗਈ ਦਿਲ ਨੂੰ ਸਜ਼ਾ।

ਦੁੱਖ ਸਹਿ ਕੇ ਹੀ ਹਮੇਸ਼ਾਂ ਸੁਖ ਮਿਲੇ,
ਦੇਖਣਾ ਹੁਣ ਮਹਿਕ ਉੱਠਣੀ ਫ਼ਿਜ਼ਾ।

ਰੱਖਣਾ ਕਿਰਦਾਰ ਉੱਚਾ ਆਪਣਾ,
ਜ਼ਿੰਦਗੀ ਕਿੱਧਰੇ ਨ ਜਾਵੇ ਕਜ਼ਾ।

ਆਖਦੈਂ ਅਕਸਰ ਮੈਂ ਤੈਨੂੰ ਭੁੱਲ ਜਾਂ,
ਭੁੱਲਣੇ ਵਿਚ ਹੀ ਖਰੇ ਰੱਬ ਦੀ ਰਜ਼ਾ।

ਭੁੱਲਦਾ ਜਾਂਦਾ ਹੈ ਉਸ ਨੂੰ ਦੇਵ ਹੁਣ,
ਭੁੱਲਣੇ ਵਿਚ ਵੀ ਬੜਾ ਆਉਂਦਾ ਮਜ਼ਾ।

•

□

ਹੁਣ ਕਦੇ ਸੱਜਣ ਜਦੋਂ ਵੀ ਯਾਦ ਆਇਆ ਕਰਨਗੇ,
ਨੈਣ ਉਸਦੀ ਯਾਦ ਵਿਚ ਹੰਝੂ ਵਹਾਇਆ ਕਰਨਗੇ।

ਯਾਦ ਕਰ ਮੈਨੂੰ ਜਦੋਂ, ਅੱਖਾਂ ਚ, ਹੰਝੂ ਆਉਣਗੇ,
ਫਿਰ ਦੁਪੱਟੇ ਨਾਲ਼ ਉਹ ਹੰਝੂ ਛੁਪਾਇਆ ਕਰਨਗੇ।

ਸਭ ਗਿਲੇ, ਸ਼ਿਕਵੇ ਉਦੋਂ, ਮਿਟ ਜਾਣਗੇ ਮਨ 'ਚੋਂ ਮਿਰੇ,
ਗੀਤ ਮੇਰਾ ਜਦ ਕਦੇ ਉਹ ਗੁਣਗਣਾਇਆ ਕਰਨਗੇ।

ਬਹਿ ਕੇ ਰਾਤਾਂ ਨੂੰ ਇਕੱਲੇ, ਦੇਖ ਕੇ ਫ਼ੋਟੋ ਮਿਰੀ,
ਚੁੱਕ ਫ਼ੋਟੋ ਆਪਣੇ ਦਿਲ ਨਾਲ਼ ਲਾਇਆ ਕਰਨਗੇ।

ਇਹ ਤਿਰੇ ਮਨ ਦਾ ਭੁਲੇਖਾ ਹੈ ਕਿ ਤੇਰੇ ਬਾਅਦ ਉਹ,
ਦੇਵ ਆ ਕੇ ਕਬਰ ਤੇ ਦੀਵੇ ਜਗਾਇਆ ਕਰਨਗੇ।

•



□

ਜ਼ਿੰਦਗੀ ਆ ਕੇ ਸਦਾ ਇਸ ਮੋੜ 'ਤੇ ਮਰਦੀ ਰਹੀ,
ਇਹ ਸਦਾ ਪੋਰਸ ਦੇ ਵਾਂਗੂੰ, ਜਿੱਤ ਕੇ ਹਰਦੀ ਰਹੀ।

ਉਹ ਉਡੀਕੇ ਰੋਜ਼ ਖੜ੍ਹ ਕੇ, ਦੋਸਤਾ ਰਾਹਾਂ ਦੇ ਵਿਚ,
ਜ਼ਿੰਦਗੀ ਬਿਰਹਾ ਚ ਤੇਰੇ, ਨਿੱਤ ਆਹ ਭਰਦੀ ਰਹੀ।

ਭਾਫ਼ ਬਣ ਕੇ ਬੱਦਲੀ ਜੋ, ਉਡ ਰਹੀ ਹੈ ਅੰਬਰੀਂ,
ਇਹ ਨਦੀ ਬਣ ਕੇ ਥਲਾਂ ਦੀ ਹਿੱਕ ਤੇ ਤਰਦੀ ਰਹੀ।

ਕੱਲ੍ਹ ਤੀਕਰ ਜੋ ਸ਼ਮਾਂ ਬਣ ਕੇ ਸੀ ਭੰਬਟ ਸਾੜਦੀ,
ਮੋਮਬੱਤੀ ਵਾਂਗਰਾਂ ਹਉਕੇ ਉਹ ਅੱਜ ਭਰਦੀ ਰਹੀ।

ਦੇਵ ਕਰ ਲੈ ਜ਼ਿੰਦਗੀ ਦੇ ਨਾਲ਼ ਸਮਝੌਤਾ ਕਦੇ,
ਇਹ ਵੀ ਸਮਝੌਤਾ ਤਿਰੇ ਨਾ ਹਰ ਜਨਮ ਕਰਦੀ ਰਹੀ।

•

❑

ਡੱਕਾਂ ਬੁੱਕਲ ਵਿਚ ਮੈਂ, ਦਰਦਾਂ ਦੀਆਂ ਹਾਵਾਂ,
ਢਲਦੇ ਸੂਰਜ ਨਾਲ਼ ਹੀ ਨੇ ਢਲੀਆਂ ਛਾਵਾਂ।

ਚੌਰਸਤੇ ਖੜ੍ਹ ਤੱਕੀਆਂ ਨੇ ਜਿੰਨੀ ਵਾਰੀ,
ਦਿੱਸਣ ਸੱਭੇ ਜਾਂਦੀਆਂ, ਸਿਵਿਆਂ ਵੱਲ ਰਾਹਵਾਂ।

ਲੈ ਕੇ ਕਿਸ਼ਤੀ ਹਿਜਰ ਦੀ, ਬਿਰਹੋਂ ਦਾ ਚੱਪੂ,
ਭੰਵਰ ਵਿਛੋੜੇ ਦਾ ਤਰਾਂ, ਫੜ ਤੇਰੀਆਂ ਬਾਹਵਾਂ।

ਦਿਲ ਮੇਰਾ ਇਉਂ ਟੁੱਟਿਆ, ਜਿਉਂ ਟੁੱਟਦਾ ਤਾਰਾ,
ਅਪਣਾ ਬਣਕੇ ਦਿੱਤੀਆਂ ਨੇ ਦੇਵ ਸਜ਼ਾਵਾਂ।

•



❑

ਇਹ ਪਿਆਸੇ ਜਜ਼ਬਾਤ ਨੇ, ਜੀਕਣ ਥਲ ਵਿਚ ਰੁੱਖ,
ਪੀ ਕੇ ਅਮਰਿਤ ਦਰਸ ਦਾ, ਮਿਟ ਜੇ ਮੇਰੀ ਭੁੱਖ।

ਮੈਂ ਜਰਿਆ ਹੈ ਉਮਰ ਭਰ, ਬਿਰਹਾ ਦਾ ਹੀ ਦੁੱਖ,
ਦੀਦ ਦਿਖਾਵੇਂ ਜੇ ਕਦੀ, ਤਾਂ ਮਿਲ ਜਾਵੇ ਸੁੱਖ।

ਉੱਤਰ ਮਿਲਿਆ ਨਾ ਕਦੇ, ਪਾਏ ਲੱਖ ਸਵਾਲ,
ਉੱਤਰ ਸਾਰੇ ਮਿਲਣ ਜੇ, ਆ ਜਾਵੇਂ ਸਨਮੁੱਖ।

ਛੱਡ ਤੁਰੇ ਪਰਿਵਾਰ ਨੂੰ, ਜੋ ਭਾਲਣ ਨਿਰਵਾਣ,
ਗੌਤਮ ਵਰਗਾ ਹੋ ਸਕੇ, ਨਾ ਹਰ ਇੱਕ ਮਨੁੱਖ।

ਹੁਣ ਸਾੜਨ ਦੀ ਲੋੜ ਨਾ, ਨੂੰਹਾਂ ਪਾ ਕੇ ਤੇਲ,
ਦੇਵ ਤਰੱਕੀ ਕਰ ਲਈ, ਕਬਰ ਬਣਾਈ ਕੁੱਖ।

•

❑

ਤੂੰ ਉਦੋਂ ਕਿਉਂ ਨਾ ਨਿਭਾਈਆਂ ਯਾਰੀਆਂ,
ਸਾਡੀਆਂ ਰੋ ਰੋ ਕੇ ਅੱਖਾਂ ਹਾਰੀਆਂ।

ਜੇ ਕਿਤੇ ਕਰਦਾ ਨ ਤੂੰ ਹੁਸ਼ਿਆਰੀਆਂ,
ਟੁੱਟਦੀਆਂ ਨਾ ਅਪਣੀਆਂ ਇਹ ਯਾਰੀਆਂ।

ਤੂੰ ਕਿਹਾ ਸੀ ਜ਼ਖ਼ਮ ਤੇ ਮੱਲ੍ਹਮ ਧਰੂੰ,
ਦਿੱਤੀਆਂ ਨੇ ਫੇਰ ਕਿਉਂ ਦੁਸ਼ਵਾਰੀਆਂ।

ਉਮਰ ਭਰ ਦੇ ਸਾਥ ਦਾ ਲਾਰਾ ਲਗਾ,
ਕਰ ਗਿਉਂ ਤੂੰ ਝੂਠਿਆ ਮੱਕਾਰੀਆਂ।

ਟੁੱਟਦੀਆਂ ਨਾ ਇਹ ਕਦੇ ਮਿਰਜ਼ੇ ਦੇ ਵਾਂਗ,
ਜੇ ਪਰੀਤਾਂ ਹੁੰਦੀਆਂ ਸਚਿਆਰੀਆਂ।

ਸਾਥ ਮਿਲਦਾ ਦੇਵ ਨੂੰ ਜੇ ਉਮਰ ਭਰ,
ਕਰਨੀਆਂ ਸਨ ਉਮਰ ਭਰ ਸਰਦਾਰੀਆਂ।

•



❑

ਰਾਤ ਜਹੇ ਨੇ ਨੈਣ ਤਿਰੇ ਕਜਰਾਰੇ,
ਗੱਲਾਂ ਕਰਦੇ ਨੇ ਅੰਬਰ ਦੇ ਤਾਰੇ।

ਰੱਬ ਜਿਹੇ ਦੇ ਜਾਂਦਾ ਤੂੰ ਦੀਦਾਰੇ,
ਪੰਡਤ ਕਿਉਂ ਲਾਉਂਦਾ ਸੁਰਗਾਂ ਦੇ ਲਾਰੇ।

ਜੇ ਉਮਰਾਂ ਦਾ ਸਾਥ ਤਿਰਾ ਮਿਲ ਜਾਂਦਾ,
ਸੋਚ ਕਿਵੇਂ ਲੈਂਦਾ ਮੈਂ ਕਬਰਾਂ ਦੇ ਬਾਰੇ।

ਰਾਤਾਂ ਬੀਤਣ ਤੇਰੇ ਸੁਪਨੇ ਲੈ ਲੈ,
ਰੋਂਦਾਂ ਰਹਿੰਦਾਂ ਮੈਂ ਬਿਰਹਾ ਦੇ ਮਾਰੇ।

ਦੇਵ ਤਿਰੇ ਝੂਠੇ ਵਾਅਦੇ 'ਤੇ ਮਰਿਆ,
ਕਿਉਂ ਉਸਨੂੰ ਤੂੰ ਲਾਏ ਝੂਠੇ ਲਾਰੇ।

•

❑

ਪੀੜ ਗ਼ਮ ਦੀ, ਤੂੰ ਜੁ ਦਿੱਤੀ ਕਰਜ਼ ਹੈ,
ਨਾ ਦਵਾ ਜਿਸ ਦੀ, ਇਹ ਐਸੀ ਮਰਜ਼ ਹੈ।

ਔੜ ਲੱਗੇ ਰੁੱਖ ਵਾਂਗੂੰ ਸੁਕ ਰਿਹਾ,
ਪ੍ਰੀਤ ਦੀ ਸੰਜੀਵਨੀ ਦੇਹ, ਅਰਜ਼ ਹੈ।

ਯਾਦ ਮੈਨੂੰ ਤੂੰ ਕਰੀਂ ਜਾਂ ਨਾ ਕਰੀਂ,
ਮੈਂ ਕਰਾਂਗਾ ਇਹ ਤਾਂ ਮੇਰਾ ਫ਼ਰਜ਼ ਹੈ।

ਜ਼ਿੰਦਗੀ ਬੇਅਰਥ ਹੈ ਤੇਰੇ ਬਗ਼ੈਰ,
ਮਾਰਦੇ ਸੀਨੇ ਚ, ਖ਼ੰਜਰ ਅਰਜ਼ ਹੈ।

ਉਮਰ ਹਉਕਿਆਂ, ਹਾਵਿਆਂ ਵਿਚ ਬੀਤਦੀ,
ਕੁਝ ਖ਼ੁਸ਼ੀ ਜੇਕਰ ਮਿਲੇ ਕੀ ਹਰਜ਼ ਹੈ।

ਦੇਵ ਦੀਵਾਨਾ ਹੈ ਤੇਰਾ ਅਜ਼ਲ ਤੋਂ,
ਇਸ਼ਕ ਦੀ ਉਸਨੂੰ ਪੁਰਾਣੀ ਮਰਜ਼ ਹੈ।

•



❑

ਯਾਰ ਦੇਵੋ ਗ਼ੁਲਾਬ ਹੁਣ ਉਸ ਨੂੰ,
ਕੁਝ ਦਿਖਾਵੋ ਸ਼ਬਾਬ ਹੁਣ ਉਸ ਨੂੰ।

ਕਿਉਂ ਤੁਸੀਂ ਅਜ਼ਲ ਤੋਂ ਰੁਆਇਆ ਹੈ,
ਇਉਂ ਨ ਕਰਨਾ ਖਰਾਬ ਹੁਣ ਉਸ ਨੂੰ।

ਹੁਸਨ ਦਾ ਜਾਂ ਦਿਖਾ ਦਿਓ ਜਲਵਾ,
ਦੇ ਦਿਓ ਜਾਂ ਜਵਾਬ ਹੁਣ ਉਸ ਨੂੰ।

ਲੈ ਕੇ ਬਾਹਾਂ 'ਚ ਯਾਰ ਨੈਣਾਂ 'ਚੋਂ,
ਕੁਝ ਪਿਲਾਵੋ ਸ਼ਰਾਬ ਹੁਣ ਉਸ ਨੂੰ।

ਰੋਜ਼ ਵਗਦੇ ਉਡੀਕ ਵਿਚ ਹੰਝੂ,
ਗ਼ਮ ਦਾ ਦੇਵੋ ਹਿਸਾਬ ਹੁਣ ਉਸ ਨੂੰ।

ਜਿਸ 'ਚ, ਪਾਤੀ ਲਿਖੀ ਮੁਹੱਬਤ ਦੀ,
ਸੌਂਪ ਦੇਵੋ ਕਿਤਾਬ ਹੁਣ ਉਸ ਨੂੰ।

ਭੁੱਲ ਜਾਵੇ ਨ ਕਿਉਂ ਤੁਹਾਨੂੰ ਉਹ,
ਕੁਝ ਤਾਂ ਦੇਵੋ ਜਵਾਬ ਹੁਣ ਉਸ ਨੂੰ।

ਹੱਥ ਤੇਰੇ ਨਸੀਬ ਹੈ ਉਸ ਦਾ,
ਤੂੰ ਬਣਾ ਦੇ ਨਵਾਬ ਹੁਣ ਉਸ ਨੂੰ।

•

□

ਕਿਹੜਾ ਆਖੇ ਤੇਰੇ ਬਿਨ ਮੈਂ ਮਰ ਜਾਵਾਂਗਾ,
ਮੈਂ ਤਾਂ ਪੀ ਸਾਰੇ ਗ਼ਮ ਦੇ ਸਾਗਰ ਜਾਵਾਂਗਾ।

ਮੈਂ ਨਾ ਮਿਟਣਾ, ਤੂੰ ਲੱਖ ਵਾਰੀ ਦੇਖ ਮਿਟਾ ਕੇ,
ਟੁਟ ਕੇ ਵੀ ਤਾਰੇ ਵਾਂਗੂੰ ਲੋਅ ਕਰ ਜਾਵਾਂਗਾ।

ਝੱਲੇ ਨੇ ਮੈਂ ਫੱਟ ਬਥੇਰੇ, ਜੋ ਤੂੰ ਲਾਏ,
ਹੱਸ ਕੇ ਮੈਂ ਸਾਰੇ ਦੇ ਸਾਰੇ, ਜਰ ਜਾਵਾਂਗਾ।

ਲੱਖ ਵਿਛਾ ਰਸਤੇ ਵਿਚ ਕੰਕਰ, ਕੰਡੇ, ਥੋਹ੍ਰਾਂ,
ਛਾਲੇ ਛਾਲੇ ਪੈਰ ਇਨ੍ਹਾਂ ਤੇ ਧਰ ਜਾਵਾਂਗਾ।

ਗੌਤਮ ਵਾਂਗੂੰ ਦੇਵ ਜੇ ਤੁਰਿਆ, ਤੇਰੇ ਦਰ ਤੋਂ,
ਮੁੜਕੇ ਫੇਰ ਕਦੇ ਨਾ ਤੇਰੇ ਦਰ ਜਾਵਾਂਗਾ।
•



□

ਸਾਂਭ ਲਵਾਂ ਮੈਂ ਕਿਸ ਤਰ੍ਹਾਂ, ਦਿਲ ਦੇ ਵਿਚ ਜਜ਼ਬਾਤ,
ਮੈਥੋਂ ਵਿੱਛੜ ਕੇ ਤਿਰਾ, ਮਿਲਣਾ ਹੈ ਸੌਗਾਤ,

ਜੁਗਨੂੰ ਤਾਰੇ ਟਹਿਕਦੇ, ਅੰਬਰ ਚਮਕੇ ਚੰਨ,
ਦਰਸਾਉਂਦੇ ਨੇ ਜਿਸ ਤਰ੍ਹਾਂ, ਜੋਬਨ ਤੇ ਹੈ ਰਾਤ।

ਥਾਂ ਥਾਂ ਕੰਧਾਂ ਤਿੜਕੀਆਂ, ਬੂਹੇ ਚੌੜ ਚੁਪੱਟ,
ਦੱਸਦੇ ਨੇ ਇਹ ਪਿੰਡ ਵਿਚ, ਕੈਸੇ ਨੇ ਹਾਲਾਤ।

ਉਸਦਾ ਤੈਥੋਂ ਵਿਛੜ ਕੇ, ਸੁਪਨੇ ਵਿਚ ਮਿਲਾਪ,
ਕੁਝ ਵੀ ਨਾ ਹੈ ਦੇਵ ਇਹ, ਦਿਲ ਦੇ ਨੇ ਜਜ਼ਬਾਤ।
•

□

ਅੱਜ ਵੀ ਤੇਰੇ ਮਿਲਣ ਦੀ ਆਸ ਹੈ,
ਤੂੰ ਮਿਲੇਂਗਾ ਤਾਂ ਹੀ ਬੁਝਣੀ ਪਿਆਸ ਹੈ।

ਤੋੜ ਦੇਵੀਂ ਦਿਲ ਮਿਰਾ ਨਾ ਸੱਜਣਾ,
ਗੱਲ ਤੇਰੇ ਨਾਲ਼ ਕਰਨੀ ਖਾਸ ਹੈ।

ਆਪਣਾ ਭਾਵੇਂ ਵਿਛੋੜਾ ਪੈ ਗਿਆ,
ਯਾਦ ਤੇਰੀ ਤਾਂ ਹਮੇਸ਼ਾਂ ਪਾਸ ਹੈ।

ਗੱਲ ਮੇਰੀ ਸੁਣ ਜ਼ਰਾ ਬਣ ਕੇ ਮਿਰਾ,
ਆਖਰੀ ਮੰਜ਼ਿਲ ਤਾਂ ਦਿਸਦੀ ਪਾਸ ਹੈ।

ਮੈਂ ਭੁਲਾਵਾਂ ਦੇਵ ਤੇਨੂੰ ਕਿਸ ਤਰ੍ਹਾਂ,
ਹੈ ਅਜੇ ਤੇਰੇ ਮਿਲਣ ਦੀ ਆਸ ਹੈ।

•



□

ਗੁਜ਼ਾਰਿਸ਼ ਹੈ ਮਿਰੀ ਤੂੰ ਆਪਣੇ ਦਿਲ ਦਾ ਕੰਵਲ ਦੇ ਦੇ,
ਤਿਰੀ ਮਰਜ਼ੀ ਹੈ ਦਿਲ ਏਸੇ ਹੀ ਪਲ, ਜਾਂ ਅਗਲੇ ਪਲ ਦੇ ਦੇ।

ਮਿਰੇ ਯਾਰਾ ਤੂੰ ਪੂਜਾ ਰੱਬ ਦੀ ਦਿਨ ਰਾਤ ਕਰਦਾਂ ਏਂ,
ਮਿਲਾ ਪਰਸ਼ਾਦ ਵਿਚ ਮੈਨੂੰ, ਮੁਹੱਬਤ ਦਾ ਤੂੰ ਜਲ ਦੇ ਦੇ,

ਤਮੰਨਾ ਹੈ ਮਿਰੀ ਮੈਂ ਸਾਥ ਤੇਰਾ ਹਰ ਜਨਮ ਪਾਵਾਂ,
ਗਲੇ ਲਗ ਕੇ ਜੁ ਮਿਲਿਆ ਭਰਥਰੀ ਨੂੰ ਅਮਰ ਫਲ ਦੇ ਦੇ।

ਮੈਂ ਅਜ਼ਲਾਂ ਤੋਂ ਤਿਰੇ ਬਿਰਹਾ ਦਾ ਹੀ ਤਾਂ ਗ਼ਮ ਹੰਢਾਇਆ ਹੈ,
ਗ਼ਮਾਂ ਦੇ ਨਾਲ਼ ਇਸ ਨਿਰਬਲ ਨੂੰ ਲੜਨੇ ਦਾ ਤੂੰ ਬਲ ਦੇ ਦੇ।

ਮੈਂ ਕਾਫ਼ਿਰ ਤਾਂ ਨਹੀਂ ਕਰਕੇ ਹਲਾਲ ਇਉਂ ਮਾਰ ਨਾ ਮੈਨੂੰ,
ਜੇ ਮੈਨੂੰ ਮਾਰਨਾ ਚਾਹੁੰਨਾ ਏਂ ਤਾਂ ਇਸ਼ਕੇ ਦਾ ਸਲ ਦੇ ਦੇ।

ਤਿਰੀ ਜੇ ਆਰਜ਼ੂ, ਮੈਂ ਹਸ਼ਰ ਤੀਕਰ ਭੁੱਲ ਜਾਂ ਤੈਨੂੰ,
ਭੁਲਾਉਣਾ ਜਾਣਦਾ ਨਾ ਮੈਂ, ਭੁੱਲਾਉਣੇ ਦਾ ਤੂੰ ਵਲ ਦੇ ਦੇ।

ਉਡੀਕਾਂ ਵਿੱਚ ਨਾ ਮਾਰੀਂ ਤੂੰ ਏਨੀ ਮਿਹਰ ਤਾਂ ਕਰ ਤੂੰ,
ਤੂੰ ਅਪਣੇ ਸੰਦਲੀ ਸਾਹ ਦੇਵ ਨੂੰ ਬਸ ਕੁਝ ਕੁ ਪਲ ਦੇ ਦੇ।

•

□

ਬੜੇ ਹੀ ਬੇਰਹਿਮ ਨਿਕਲੇ ਉਹ ਆਖ਼ਰ ਯਾਰ ਮੇਰੇ,
ਖਰ੍ਹੇ ਨਿਕਲੇ ਨ ਕਸਵੱਟੀ 'ਤੇ ਉਹ ਦਿਲਦਾਰ ਮੇਰੇ।

ਮੈਂ ਆਪਣੇ ਦਿਲ ਦੇ ਦਰਵਾਜ਼ੇ ਨੇ ਅਜ਼ਲੋਂ ਖੋਲ੍ਹ ਰੱਖੇ,
ਕਦਮ ਉਸਦੇ ਰੁਕੇ ਆ ਕੇ ਦਰਾਂ ਦੇ ਬਾਹਰ ਮੇਰੇ।

ਹਮੇਸ਼ਾਂ ਜ਼ਿੰਦਗੀ ਭਰ ਇਹ ਗ਼ਿਲਾ ਮੈਨੂੰ ਰਹੇਗਾ,
ਕਿ ਉਸਨੇ ਪਿੱਠ ਤੇ ਕੀਤੇ ਹਮੇਸ਼ਾਂ ਵਾਰ ਮੇਰੇ।

ਸਿਤਮ ਇਹ ਵੀ ਮੈਂ ਸਹਿ ਲੈਣਾ ਹੈ ਉਸਦਾ, ਦੇਖ ਲੈਣਾ,
ਕਿ ਪਰਖੇ ਓਸਨੇ ਜੇਰੇ, ਅਨੇਕਾਂ ਵਾਰ ਮੇਰੇ।

ਉਨ੍ਹਾਂ ਨੂੰ ਦੇਵ ਮੈਂ ਹਰ ਜਾਵੀਏ ਤੋਂ ਪਰਖ ਬੈਠਾ,
ਬਣੇ ਨਾ ਉਹ ਕਿਸੇ ਹੀਲੇ, ਮੁਲਾਹਜ਼ੇਦਾਰ ਮੇਰੇ।

•



□

ਫੇਰ ਉਸਦਾ ਖ਼ਿਆਲ ਆਇਆ ਹੈ,
ਦਿਲ 'ਚ, ਮੇਰੇ ਭੂਚਾਲ ਆਇਆ ਹੈ।

ਰੋਜ਼ ਰਾਤੀਂ ਮਿਰੇ ਖ਼ਿਆਲਾਂ ਵਿਚ,
ਯਾਰ ਬਣਕੇ ਮਿਸ਼ਾਲ ਆਇਆ ਹੈ।

ਜਦ ਵੀ ਉਸਨੂੰ ਵਿਸਾਰਨਾ ਚਾਹਾਂ,
ਯਾਦ ਉਸਦਾ ਰੁਮਾਲ ਆਇਆ ਹੈ।

ਬੀਤ ਜਾਣੀ ਸੀ ਯਾਰ ਖ਼ੁਸ਼ੀਆਂ ਵਿਚ,
ਕੌਣ ਗ਼ਮ ਦਾ ਦਲਾਲ ਆਇਆ ਹੈ।

ਦੇਵ ਯਾਦ ਕੋਲ ਸੀ ਮਿਰਾ ਸੱਜਣ,
ਯਾਦ ਓਹੀ ਸਿਆਲ ਆਇਆ ਹੈ।

•

❑

ਯਾਰ ਮੇਰੇ ਤੇ, ਕਰਮ ਕਰਦੇ,
ਦਿਲ ਮਿਰੇ ਦੇ, ਜ਼ਖ਼ਮ ਭਰ ਦੇ।

ਹੋਰ ਗਹਿਰੇ ਜ਼ਖ਼ਮ ਦੇਹ ਤੂੰ,
ਜਾਂ ਮਿਰੇ ਗ਼ਮ ਖ਼ਤਮ ਕਰ ਦੇ।

ਸਾਹ ਮਿਲਾ ਕੇ, ਸਾਹ ਮਿਰੇ ਵਿਚ,
ਸਾਹ ਮਿਰੇ ਤੂੰ, ਗਰਮ ਕਰ ਦੇ।

ਸਿਰ ਤਿਰੇ ਕਦਮਾਂ 'ਚ, ਧਰਿਐ,
ਗਲ ਲਗਾ ਜਾਂ ਕਲਮ ਕਰ ਦੇ।

ਰੱਖ ਦੇ ਜ਼ਖ਼ਮਾਂ ਤੇ ਪੋਟੇ,
ਦੇਵ ਉੱਤੇ ਕਰਮ ਕਰ ਦੇ।

•



❑

ਬਿਰਹਾ ਵਿਚ ਇਕ ਹੰਝੂ ਖਾਰਾ,
ਵਗਿਆ ਗੱਲ੍ਹ ਮੇਰੀ ਤੋਂ ਯਾਰਾ।

ਸਜਣਾਂ ਦੇ ਗਲ ਮਿਲਦੇ ਹਾਂ ਜਦ,
ਹਉਕਾ ਵੀ ਲਗਦਾ ਹੈ ਭਾਰਾ।

ਦਿਲ ਦੀ ਰੀਝ ਹੈ ਟੁੱਟੀ ਏਦਾਂ,
ਜਿਉਂ ਟੁੱਟਿਆ ਅਰਸ਼ਾਂ 'ਚੋਂ ਤਾਰਾ।

ਬੇਦਰਦਾਂ ਨੂੰ ਦਿਲ ਦੇ ਬੈਠੇ,
ਦਿਲ ਹੋਇਆ ਹੈ ਪਾਰਾ ਪਾਰਾ।

ਜਿਉਂ ਧਰਤੀ ਸੂਰਜ ਨੂੰ ਤਰਸੇ,
ਦੇਵ ਫਿਰੇ ਇਉਂ ਮਾਰਾ ਮਾਰਾ।

•

□

ਇੱਕ ਵਾਰੀ ਆਣ ਕੇ ਤੂੰ ਦੇਹ ਝਲਕ,
ਫੇਰ ਸ਼ਾਇਦ ਨਾ ਦਿਸੇ ਮੁੜਕੇ ਫ਼ਲਕ।

ਮੁੱਦਤਾਂ ਤੋਂ ਦੀਦ ਤੂੰ ਦਿੱਤੀ ਨਹੀਂ,
ਤੂੰ ਦਿਖਾ ਦੇ ਮੁੱਖ ਦੀ ਇੱਕੋ ਝਲਕ।

ਇਹ ਮੁਹੱਬਤ ਰੱਬ ਦੀ ਨਿਹਮਤ ਜਹੀ,
ਹੈ ਇਸੇ ਵਿਚ ਵੱਸਦੀ ਸਾਰੀ ਖਲਕ।

ਬਿਨ ਤਿਰੇ ਰੋਹੀ ਦੇ ਰੁਖ ਦੇ ਵਾਂਗ ਮੈਂ,
ਮੈਂ ਉਡੀਕਾਂਗਾ ਸੱਜਣਾਂ ਕਿਆਮਤ ਤਲਕ।

ਜ਼ਿੰਦਗੀ ਬਣਦੀ ਬਹਿਸ਼ਤ ਓਸ ਦੀ,
ਦੇਵ ਨੂੰ ਜੇ ਪਲ ਕੁ ਦੇ ਜਾਂਦਾ ਝਲਕ।



□

ਮੈਂ ਹਾਂ ਦਰਿਆ, ਮੌਜ ਵਿਚ ਤੂੰ ਵਹਿਣ ਦੇ,
ਆਪਣੀ ਮਸਤੀ ਚ, ਮੈਨੂੰ ਰਹਿਣ ਦੇ।

ਰੋਕ ਨਾ ਤੂੰ, ਇਸ਼ਕ ਦੀ ਢਾਹ ਲੱਗ ਕੇ,
ਜੇ ਕਿਨਾਰੇ ਢਹਿ ਰਹੇ ਨੇ, ਢਹਿਣ ਦੇ।

ਦਰਦ ਮੈਂ ਦਿਲ ਵਿਚ ਦਬਾਇਆ ਦੇਰ ਤੋਂ,
ਖੁਲ੍ਹ ਕੇ ਹੁਣ ਗੱਲ ਦਿਲ ਦੀ ਕਹਿਣ ਦੇ।

ਚੀਰ ਆਇਆ ਪਰਬਤਾਂ ਦੀ ਹਿੱਕ ਮੈਂ,
ਅੱਥਰੂ ਬਣ ਹਿੱਕ ਉੱਤੇ ਵਹਿਣ ਦੇ।

ਮੈਂ ਉਡੀਕਾਂ ਦੇਰ ਤੋਂ ਸਾਗਰ ਦੇ ਵਾਂਗ,
ਦੇਵ ਦਰਿਆ ਹੁਸਨ ਦਾ ਤੂੰ ਵਹਿਣ ਦੇ।

•

□

ਆ ਮਿਰੇ ਜਜ਼ਬਾਤ ਨੂੰ ਖ਼ਾਮੋਸ਼ ਕਰ ਦੇ,
ਜਾਂ ਮਿਰਾ ਕੰਬਖਤ ਦਿਲ ਮਦਹੋਸ਼ ਕਰ ਦੇ।

ਇਹ ਮੁਹੱਬਤ ਮਰ ਨ ਜਾਵੇ, ਠਰ ਨ ਜਾਵੇ,
ਤੂੰ ਮਿਰੇ ਜਜ਼ਬਾਤ ਨੂੰ ਪੁਰਜੋਸ਼ ਕਰ ਦੇ।

ਐ ਖ਼ੁਦਾ ਗ਼ਮ ਓਸਦਾ ਕੀਕਣ ਜਰਾਂ ਮੈਂ,
ਐ ਖ਼ੁਦਾ ਗ਼ਮ ਓਸਦਾ ਰੂਪੋਸ਼ ਕਰਦੇ।

ਪਿਆਰ ਕਰਨਾ ਜੁਰਮ ਹੈ ਸੰਗੀਨ ਜੇਕਰ,
ਪਿਆਰ ਦਾ ਲਾਗੂ ਮਿਰੇ ਤੇ ਦੋਸ਼ ਕਰ ਦੇ।

ਦੇਵ ਦੇ ਜਜ਼ਬਾਤ ਮਰ ਨਾ ਜਾਣ ਕਿੱਧਰੇ,
ਤੂੰ ਮੁਲਾਕਾਤਾਂ ਚ ਬਸ ਖ਼ਾਮੋਸ਼ ਕਰ ਦੇ।

•



□

ਦਿਲ 'ਚ ਦੀਵਾ ਆਸ ਦਾ ਜਲਦਾ ਰਹੇਗਾ,
ਇਹ ਮੁਸਾਫ਼ਰ ਤਾਂ ਸਦਾ, ਚਲਦਾ ਰਹੇਗਾ।

ਇਸ਼ਕ ਵਿਚ ਦਿਲ ਦਾ ਲਹੂ ਬਲਦਾ ਰਹੇਗਾ,
ਬੇਵਫ਼ਾਈ ਵੀ ਤਿਰੀ ਝੱਲਦਾ ਰਹੇਗਾ।

ਵਰਜਿਐ ਕੰਬਖਤ ਦਿਲ, ਮੁੜਦਾ ਨਹੀਂ ਪਰ,
ਇਹ ਸਿਵੇ ਤਕ ਇਸ਼ਕ ਵਿਚ ਜਲਦਾ ਰਹੇਗਾ।

ਮੁਸ਼ਕਲਾਂ ਦਰ ਮੁਸ਼ਕਲਾਂ ਵੀ ਆਉਣ ਭਾਵੇਂ,
ਦਿਲ 'ਚ, ਅਪਣੇ ਹੌਸਲਾ ਪਲਦਾ ਰਹੇਗਾ।

ਤੂੰ ਕਰੇਂਗਾ ਦੇਵ ਨੂੰ ਖ਼ੁਦ ਹੀ ਕਬੂਲ,
ਦਿਲ ਸੁਨੇਹੇ ਰੋਜ਼ ਹੀ ਘੱਲਦਾ ਰਹੇਗਾ।

•

❑

ਮੈਂ ਤੇਰੀ ਯਾਦ ਵਿਚ ਬੋਤਲ ਉਠਾ ਕੇ ਪੀ ਗਿਆ ਹਾਂ,
ਵਿਛੋੜੇ ਵਿਚ ਤਿਰੇ ਆਪਾ ਭੁਲਾ ਕੇ ਪੀ ਗਿਆ ਹਾਂ।

ਮੈਂ ਤੇਰੇ ਗ਼ਮ ਚ, ਨਿਤ ਅਪਣੇ ਲਹੂ ਦੇ ਘੁੱਟ ਭਰਦਾਂ,
ਕਿ ਅਪਣੇ ਜਾਮ ਵਿਚ ਹੰਝੂ ਮਿਲਾ ਕੇ ਪੀ ਗਿਆ ਹਾਂ।

ਜਦੋਂ ਵੀ ਡੱਸਿਆ ਮੈਨੂੰ, ਇਕੱਲਤਾ ਨੇ ਕਦੇ ਤਾਂ,
ਮੈਂ ਖ਼ਾਬਾਂ ਵਿਚ ਉਦੋਂ ਤੈਨੂੰ ਬੁਲਾ ਕੇ ਪੀ ਗਿਆ ਹਾਂ।

ਉਦਾਸੀ ਵਿਚ ਤਿਰੀ ਤਸਵੀਰ ਰੱਖ ਕੇ ਸਾਹਮਣੇ ਮੈਂ,
ਮੈਂ ਤੇਰੀ ਯਾਦ ਵਿਚ ਹੰਝੂ ਵਹਾ ਕੇ ਪੀ ਗਿਆ ਹਾਂ।

ਸਤਾਇਆ ਹਿਜਰ ਨੇ ਮੈਨੂੰ ਜਦੋਂ ਵੀ ਦੇਵ ਤਾਂ ਮੈਂ,
ਲਹੂ ਮੈਂ ਆਪਣਾ ਹੀ ਓਕ ਲਾ ਕੇ ਪੀ ਗਿਆ ਹਾਂ।

•



❑

ਹਸਰਤਾਂ ਨੂੰ ਕਹਿ ਦਿਉ, ਇਹ ਆਪਣੇ ਘਰ ਜਾਣ ਹੁਣ,
ਰਾਖ ਇਹ ਮੇਰੇ ਸਿਵੇ ਦੀ, ਦਰ ਬ ਦਰ ਕਰ ਜਾਣ ਹੁਣ।

ਬੇਮੁਹਾਰੀ ਹੋ ਗਈ ਹੈ ਜ਼ਿੰਦਗੀ ਦੀ ਹੁਣ ਨਦੀ,
ਕਹਿ ਦਿਉ ਰੀਝਾਂ ਨੂੰ ਇਸ ਵਿਚ ਡੁੱਬ ਕੇ ਮਰ ਜਾਣ ਹੁਣ।

ਵਲਗਣਾਂ ਧਰਮਾਂ ਦੀਆਂ ਵਿਚ, ਬੰਦ ਕੀਤਾ ਆਦਮੀ,
ਦੋਸਤੋ ਜੋ ਰਹਿ ਗਏ ਇਨਸਾਨ ਕਿੱਧਰ ਜਾਣ ਹੁਣ।

ਉਮਰ ਭਰ ਤੇਰੇ ਵਿਛੋੜੇ ਦਾ ਹੀ ਗ਼ਮ ਤਾਂ ਝੱਲਿਐ,
ਵਸਲ ਦੇ ਸੁਪਨੇ ਕਿਤੇ ਦਿਲ ਵਿੱਚ ਨਾ ਮਰ ਜਾਣ ਹੁਣ।

ਵਸਲ ਦੀ ਇਕ ਆਸ ਤਾਂ, ਹਾਲੇ ਵੀ ਦਿਲ ਵਿਚ ਦੇਵ ਦੇ,
ਆਸ ਟੁਟ ਕੇ ਅੱਥਰੂ ਅੱਖਾਂ ਚ, ਨਾ ਭਰ ਜਾਣ ਹੁਣ।

•

❑

ਦੁਨੀਆਂ ਕੈਸੀ ਪਿਆਰ ਚ ਰਹਿੰਦਾ, ਹਉਕੇ ਭਰਦਾ ਹੈ ਕੋਈ,
ਆਪ ਮੁਹੱਬਤ ਲਾ ਕੇ ਪਹਿਲਾਂ, ਆਪੇ ਡਰਦਾ ਹੈ ਕੋਈ।

ਉਲਫ਼ਤ ਦੇ ਡੂੰਘੇ ਦਰਿਆ ਦੀ, ਹਾਥ ਕਿਸੇ ਨਾ ਪਾਈ ਹੈ।
ਇਸ ਵਿਚ ਆਪੇ ਡੁੱਬਦਾ ਕੋਈ, ਆਪੇ ਤਰਦਾ ਹੈ ਕੋਈ।

ਨਾ ਹਾਰੇ, ਨਾ ਡੁੱਬੇ ਕੋਈ, ਖੇਡ ਮੁਹੱਬਤ ਦੀ ਐਸੀ,
ਏਥੇ ਲਾ ਲਾ ਆਪੇ ਡੁੱਬੇ, ਆਪੇ ਤਰਦਾ ਹੈ ਕੋਈ।

ਦੁਨੀਆਂ ਤਾਂ ਮੇਲਾ ਹੈ ਏਥੋਂ ਹਰ ਇਕ ਨੇ ਹੀ ਤੁਰ ਜਾਣੈਂ,
ਆਪ ਬਣਾਏ ਰਿਸ਼ਤੇ ਕੋਲੋਂ, ਫਿਰ ਕਿਉਂ ਡਰਦਾ ਹੈ ਕੋਈ।

ਜੀਹਨਾਂ ਦਾ ਨਾ ਅਪਣਾ ਕੋਈ, ਉਹ ਵੀ ਜਿਉਂਦੇ ਜੱਗ ਉੱਤੇ,
ਦੇਵ ਭੁਲੇਖਾ ਹੈ ਤੇਰਾ, ਤੇਰੇ 'ਤੇ ਮਰਦਾ ਹੈ ਕੋਈ।

•



❑

ਦਿਲ ਮਿਰਾ ਮੁੜ ਮੁੜ ਸਤਾਏ, ਕੀ ਕਰਾਂ ਮੈਂ।
ਯਾਦ ਤੇਰੀ ਜਦ ਵੀ ਆਵੇ, ਕੀ ਕਰਾਂ ਮੈਂ।

ਅਜ਼ਲ ਤੋਂ ਸੰਭਾਲਿਆ ਜਿਸ ਵਾਸਤੇ ਮੈਂ,
ਦਿਲ ਜੇ ਓਹੀ ਤੋੜ ਜਾਵੇ, ਕੀ ਕਰਾਂ ਮੈਂ।

ਮੈਂ ਭੁਲਾਉਣੇ ਦਾ ਬਥੇਰਾ ਯਤਨ ਕੀਤੈ,
ਜੇ ਨਾ ਦਿਲ ਤੈਨੂੰ ਭੁਲਾਵੇ, ਕੀ ਕਰਾਂ ਮੈਂ।

ਛਡ ਗਏ ਨੇ ਛਾਪ ਦਿਲ 'ਤੇ ਹਾਦਸੇ ਜੋ
ਛਾਪ ਜੇ ਦਿਲ ਤੋਂ ਨ ਜਾਵੇ, ਕੀ ਕਰਾਂ ਮੈਂ।

ਮਿਲਣ ਤੇਰਾ ਹਾਦਸਾ ਹੈ ਜਾਂ ਨਸੀਬ,
ਜੇ ਨਸੀਬ ਅਪਣਾ ਰੁਆਵੇ, ਕੀ ਕਰਾਂ ਮੈਂ।

•

❑

ਜ਼ਿੰਦਗੀ ਵਿਚ ਕੁਝ ਅਜੇਹੇ ਪਲ ਦਵੀਂ,
ਹਿਜਰ ਦਿਲ ਤੇ ਸਹਿ ਲਵਾਂ, ਉਹ ਬਲ ਦਵੀਂ।

ਜ਼ਿੰਦਗੀ ਦੇ ਸਾਹਮਣੇ ਕੈਸਾ ਸਵਾਲ,
ਤੂੰ ਸਵਾਲਾਂ ਦਾ ਕੁਈ ਤਾਂ ਹੱਲ ਦਵੀਂ।

ਸੁੱਕ ਗਿਆ ਹਾਂ ਔੜ ਦੇ ਮੈਂ ਰੁੱਖ ਵਾਂਗ,
ਪਿਆਰ ਅਪਣੇ ਦਾ ਜ਼ਰਾ ਤੂੰ ਜਲ ਦਵੀਂ।

ਬਾਲਿਆ ਹੈ ਦਿਲ 'ਚ, ਯਾਦਾਂ ਦਾ ਚਿਰਾਗ਼,
ਸੜ ਕੇ ਮਰਨੇ ਵਾਸਤੇ ਕੁਝ ਪਲ ਦਵੀਂ।

•



❑

ਮੈਂ ਅੰਬਰ ਤੋਂ ਟੁਟਿਆ ਤਾਰਾ ਯਾਦਾਂ ਦਾ
ਮੁੜ ਮੁੜ ਚੇਤਾ ਆਉਂਦੈ, ਮਰਿਆਂ ਖ਼ਾਬਾਂ ਦਾ

ਵਧਦਾ ਜਾਂਦਾ ਰੋਜ਼, ਕਦੇ ਨਾ ਮਿਟਣਾ ਹੈ
ਫ਼ਰਕ ਬਹੁਤ ਹੈ ਰੀਝਾਂ ਤੇ ਔਕਾਤਾਂ ਦਾ

ਵੱਸਲ ਦੀ ਥਾਂ ਸਾਨੂੰ ਸਿਰਫ਼ ਵਿਯੋਗ ਮਿਲੇ
ਕਿਸ ਦੇ ਕੋਲੇ ਕਰੀਏ ਜ਼ਿਕਰ ਮੁਰਾਦਾਂ ਦਾ

ਇਸਦੇ ਵਿੱਚ ਕਿਸੇ ਦਾ ਕੋਈ ਦੋਸ਼ ਨਹੀਂ,
ਮਿਲਿਆ ਗ਼ਮ ਸਾਨੂੰ ਦੇਵ ਨਸੀਬਾਂ ਦਾ।

•

❑

ਆਉਂਦੇ ਨੇ ਖ਼ਾਬ ਉਸਦੇ, ਮੈਨੂੰ ਨ ਮਰਨ ਦਿੰਦੇ,
ਕਿਉਂ ਰੀਝ ਇਕ ਅਧੂਰੀ, ਪੂਰੀ ਨ ਕਰਨ ਦਿੰਦੇ।

ਗਹਿਰੇ ਜੁ ਫੱਟ ਖਾਧੇ, ਮੈਂ ਇਸ਼ਕ ਵਿੱਚ ਉਸ ਦੇ,
ਹਾਲੇ ਵੀ ਯਾਰ ਕਾਹਤੋਂ, ਨਾ ਫੱਟ ਭਰਨ ਦਿੰਦੇ।

ਉਸਦੇ ਜੋ ਪਿਆਰ ਵਿਚ ਮੈਂ, ਬੇੜੀ ਹਾਂ ਠੇਲ ਬੈਠਾ,
ਬੇਦਰਦ ਕਿਉਂ ਅਜੇ ਵੀ, ਮੈਨੂੰ ਨ ਤਰਨ ਦਿੰਦੇ।

ਜੋ ਉਮਰ ਭਰ ਦਾ ਮੈਨੂੰ, ਹਿਜਰਾਂ ਦਾ ਦਰਦ ਦਿੱਤਾ,
ਦੇ ਕੇ ਉਹ ਦਰਦ ਮੈਨੂੰ, ਅੱਖਾਂ ਨ ਭਰਨ ਦਿੰਦੇ।

ਸੀਨੇ 'ਚ ਮਾਰ ਖ਼ੰਜਰ, ਪੁੱਛਦੇ ਨੇ ਫੇਰ ਮੈਨੂੰ,
ਕੰਮਬਖ਼ਤ ਦਰਦ ਮੈਨੂੰ, ਕਾਹਤੋਂ ਨ ਜਰਨ ਦਿੰਦੇ।

ਬਣਿਆ ਉਸੇ ਦੀ ਖ਼ਾਤਿਰ, ਤਾਰੇ ਤੋਂ ਰੇਤ ਮੈਂ ਤਾਂ,
ਸਜਦਾ ਨ ਰੇਤ ਨੂੰ ਵੀ, ਕਾਹਤੋਂ ਨ ਕਰਨ ਦਿੰਦੇ।

ਸਾਹਾਂ ਦਾ ਮੈਂ ਉਨ੍ਹਾਂ ਨੂੰ, ਸਾਥੀ ਬਣਾ ਲਿਆ ਹੈ,
ਕਿਉਂ ਯਾਰ ਫੇਰ ਕੋਸੇ, ਸਾਹ ਵੀ ਨ ਭਰਨ ਦਿੰਦੇ।

ਸਾਇਆ ਉਨ੍ਹਾਂ ਦਾ ਬਣ ਕੇ, ਤੁਰਿਆ ਹਾਂ ਦੇਵ ਮੈਂ ਤਾਂ,
ਕਿਉਂ ਬੇਲਿਹਾਜ ਅਪਣਾ, ਦਾਮਨ ਨ ਫੜਨ ਦਿੰਦੇ।

•



❑

ਚੜ੍ਹਦੇ ਰਹੇ ਹਾਂ ਨਿਸਦਿਨ, ਤਾਂ ਹੀ ਸਲੀਬ ਉੱਤੇ,
ਪਰਦਾ ਪਿਆ ਰਿਹਾ ਏ, ਸਾਡੇ ਨਸੀਬ ਉੱਤੇ।

ਉਸਦੇ ਉਹ ਯਾਰ ਬੇਲੀ, ਹਨ ਓਸ ਨੂੰ ਮੁਬਾਰਕ,
ਸਾਨੂੰ ਹੈ ਮਾਣ ਉਸਦੇ, ਇਸ ਦਿਲ ਗ਼ਰੀਬ ਉੱਤੇ।

ਇਸ਼ਕੇ ਨੂੰ ਢਾਅ ਲਗਾਈ, ਹੱਥੀਂ ਉਨ੍ਹਾਂ ਨੇ ਅਪਣੇ,
ਵਿਸ਼ਵਾਸ ਕੀ ਕਰਾਂ ਮੈਂ, ਅਪਣੇ ਕਰੀਬ ਉੱਤੇ।

ਉਸਦੀ ਹਰਿਕ ਅਦਾ ਵਿਚ, ਇਕ ਰਮਜ਼ ਸੀ ਪੁਸ਼ੀਦਾ,
ਸ਼ਿਕਵਾ ਰਹੂ ਹਮੇਸ਼ਾਂ, ਅਪਣੇ ਰਕੀਬ ਉੱਤੇ।

ਦੇਖੇ ਬੜੇ ਨਜੂਮੀ, ਉਸ ਵਾਸਤੇ ਅਸੀਂ ਤਾਂ,
ਕਰੀਏ ਯਕੀਨ ਆਪਾਂ, ਕਿਹੜੇ ਅਦੀਬ ਉੱਤੇ।

ਲੁਕਮਾਨ ਨੂੰ ਵੀ ਲੱਭੀ, ਇਸ ਰੋਗ ਦੀ ਦਵਾ ਨਾ,
ਕਿੱਦਾਂ ਯਕੀਨ ਆਵੇ, ਸਾਨੂੰ ਤਬੀਬ ਉੱਤੇ।

ਕੋਈ ਨ ਕਰ ਸਕੇਗਾ, ਨਾ ਦੇਵ ਕੁਝ ਵੀ ਤੇਰਾ,
ਰੱਖੇਂ ਨ ਜੇ ਭਰੋਸਾ, ਅਪਣੇ ਹਬੀਬ ਉੱਤੇ।

•

□

ਜੇ ਜ਼ਿੰਦਗੀ ਮਿਰੀ ਵਿਚ ਇਉਂ ਹੀ ਖਲਾਅ ਰਹੇਗਾ,
ਸ਼ਿਕਵਾ ਇਹ ਉਮਰ ਸਾਰੀ, ਮੈਨੂੰ ਦਿਲਾ ਰਹੇਗਾ।

ਲੱਗਿਆ ਰਿਹਾ ਜੇ ਝੋਰਾ, ਏਦਾਂ ਹੀ ਜ਼ਿੰਦਗੀ ਵਿਚ,
ਬਿਰਹੋਂ ਦਾ ਇਸ ਤਰ੍ਹਾਂ ਹੀ, ਇਹ ਸਿਲਸਿਲਾ ਰਹੇਗਾ।

ਪਹਿਲਾਂ ਹੀ ਉਮਰ ਤੋਂ ਜੇ, ਹੋਇਆ ਇਹ ਬਿਰਖ ਸੁੰਨਾ,
ਇਸ ਨੂੰ ਕਿਵੇਂ ਬਚਾਉਂਦਾ, ਮਾਲੀ ਭਲਾ ਰਹੇਗਾ।

ਤਨਹਾ ਮੁਹੱਬਤਾਂ ਵਿਚ, ਇਉਂ ਹੀ ਰਿਹਾ ਜੇ ਮੈਂ ਤਾਂ,
ਫਿਰ ਜ਼ਿੰਦਗੀ ਚ, ਮੇਰੇ, ਇਹ ਜ਼ਲਜ਼ਲਾ ਰਹੇਗਾ।

ਗੀਝਾਂ ਦਾ ਮਾਮਲਾ ਇਹ, ਏਦਾਂ ਰਿਹਾ ਜੇ ਭਖਦਾ,
ਤਾਂ ਦੇਵ ਬਣਕੇ ਮਿਟਦਾ, ਇਹ ਬੁਲਬੁਲਾ ਰਹੇਗਾ।

•



□

ਦਰਦ ਮੇਰੇ ਦਾ ਮਸੀਹਾ ਸ਼ਹਿਰ ਹੈ,
ਸ਼ਹਿਰ ਤੇਰੇ ਕਿਉਂ ਬਰਸਦਾ ਕਹਿਰ ਹੈ।

ਲੱਗਦੈ ਉਸਨੇ ਜਗਾਇਐ ਰਾਤ ਭਰ,
ਤੇਰਿਆਂ ਨੈਣਾਂ 'ਚ ਤਦ ਹੀ ਗਹਿਰ ਹੈ।

ਯਾਦ ਤੇਰੀ ਰਾਤ ਭਰ ਆਉਂਦੀ ਰਹੇ,
ਗਿਣਦਿਆਂ ਤਾਰੇ ਗੁਜ਼ਰਦਾ ਪਹਿਰ ਹੈ।

ਇਸ ਤਰ੍ਹਾਂ ਰਿੰਦਾਂ ਦੀ ਮਹਿਫ਼ਲ ਵਿਚ ਤੂੰ,
ਮੈਅ 'ਚ ਕਿਉਂ ਸਾਕੀ ਮਿਲਾਇਆ ਜ਼ਹਿਰ ਹੈ।

ਵਸਲ ਤੇਰੇ ਦੀ ਵਰ੍ਹੀ ਬਰਸਾਤ ਨਾ,
ਦੇਵ ਦਾ ਦਿਲ ਤਪ ਰਹੀ ਦੋਪਹਿਰ ਹੈ।

•

❑

ਛੱਡ ਦਿੱਤਾ ਹੈ ਮੈਂ ਆਪੇ ਯਾਦ ਕਰਨਾ,
ਚੁਪ ਚੁਪੀਤੇ ਰਾਤ ਦਿਨ ਹਉਕੇ ਇਹ ਭਰਨਾ।

ਜਦ ਮੁਹੱਬਤ ਦੀ ਨਦੀ ਵਿਚ ਡੁੱਬਿਆ ਮੈਂ,
ਸਿਖ ਲਿਐ ਓਦੋਂ ਤੋਂ ਅਪਣੇ ਆਪ ਤਰਨਾ।

ਦਿਲ 'ਚ ਉਸਦੇ ਦਰਦ ਨਾ ਮੇਰੇ ਲਈ ਜੇ,
ਓ ਦਿਲਾ ਉਸ ਵਾਸਤੇ ਐਵੇਂ ਨ ਮਰਨਾ।

ਆਦਮੀ ਜੋ ਇਸ਼ਕ ਦੀ ਸੂਲੀ 'ਤੇ ਚੜ੍ਹਦਾ,
ਛੱਡ ਜਾਂਦਾ ਹੈ ਉਹ ਅਪਣੇ ਆਪ ਡਰਨਾ।

ਜੋ ਨਹੀਂ ਵਾਕਿਫ਼ ਅਜੇ ਤੇਰੀ ਵਫ਼ਾ ਤੋਂ,
ਕੀ ਗਿਲਾ ਤੂੰ ਓਸ ਉੱਤੇ ਦੇਵ ਕਰਨਾ।

•



❑

ਜ਼ਿੰਦਗੀ ਦੇ ਸਭ ਸਫ਼ੇ ਹੀ ਭਰ ਗਏ,
ਹਿਜਰ ਦੇ ਸਾਰੇ ਅਸੀਂ ਸਰ ਤਰ ਗਏ।

ਤੇਜ਼ ਨਾ ਬਹੁਤੀ ਨਦੀ ਸੀ ਵਕਤ ਦੀ,
ਇਸਦੀਆਂ ਛੱਲਾਂ ਤੋਂ ਐਵੇਂ ਡਰ ਗਏ।

ਜੋ ਅਸੀਂ ਰਾਹਾਂ 'ਤੇ ਪੈੜਾਂ ਛੱਡੀਆਂ,
ਸਾਰੀਆਂ ਪੈੜਾਂ ਮਿਟਾ ਉਹ ਘਰ ਗਏ।

ਜ਼ਿੰਦਗੀ ਭਰ ਹੀ ਅਸੀਂ ਸੁਕਰਾਤ ਵਾਂਗ,
ਜ਼ਹਿਰ ਦੇ ਪਿਆਲੇ ਹੀ ਪੀਂਦੇ ਮਰ ਗਏ।

ਦੇਵ ਬਾਜ਼ੀ ਜਿੱਤ ਕੇ ਵੀ ਇਸ਼ਕ ਦੀ,
ਉਸ ਦੀਆਂ ਚਾਲਾਂ ਦੇ ਅੱਗੇ ਹਰ ਗਏ।

•

❑

ਕੱਲ੍ਹ ਮਰ ਜਾਣਾ ਅਸਾਂ ਰੁੱਖਾਂ ਨੇ।
ਸੜ ਬਲ ਜਾਣਾ ਅਸਾਂ ਰੁੱਖਾਂ ਨੇ।

ਆਪਾਂ ਕਾਗ਼ਜ਼ ਬਣਨੈ ਗੀਤਾਂ ਲਈ,
ਬਣ ਕਲਮਾਂ ਜਾਣਾ ਅਸਾਂ ਰੁੱਖਾਂ ਨੇ।

ਨਾ ਘੋਲੋ ਜ਼ਹਿਰ ਵਿੱਚ ਪੌਣਾਂ ਦੇ,
ਮਰ ਹੀ ਜਾਣਾ ਅਸਾਂ ਰੁੱਖਾਂ ਨੇ।

ਜੇ ਘੋਲੀ ਜ਼ਹਿਰ ਵਿਚ ਪਾਣੀਆਂ,
ਅਣਜੰਮੇ ਜਾਣਾ ਅਸਾਂ ਰੁੱਖਾਂ ਨੇ।

ਓਏ ਨਾ ਵੱਢੋ ਸਾਨੂੰ ਰੁੱਖਾਂ ਨੂੰ,
ਬਣ ਘਰ ਜਾਣਾ ਅਸਾਂ ਰੁੱਖਾਂ ਨੇ।

ਬਣ ਬੇਦੀ ਜਾਂ ਸਿਵੇ ਦੀ ਲੱਕੜ,
ਸੜ ਬਲ ਜਾਣਾ ਅਸਾਂ ਰੁੱਖਾਂ ਨੇ।

ਦੇਵ ਵਿਚ ਬੁਢਾਪੇ ਤੁਰਨੇ ਲਈ,
ਬਣ ਲਾਠੀ ਜਾਣਾ ਅਸਾਂ ਰੁੱਖਾਂ ਨੇ।

ਦੇਵ ਬਹਿ ਸਾਡੀ ਛਾਂ ਥੱਲੇ ਕੱਲ੍ਹ,
ਬਣ 'ਸੀੜ੍ਹੀ' ਜਾਣਾ ਅਸਾਂ ਰੁੱਖਾਂ ਨੇ।

•



❑

ਸ਼ਹਿਰ ਤੇਰੇ ਵਿਚ ਉਡੀਕਦੇ ਹੋਰ ਵੀ ਬੜੇ ਨੇ।
ਤੂੰ ਹੀ ਨਹੀਂ ਰਾਹਾਂ 'ਚ ਖੜੇ ਹੋਰ ਵੀ ਬੜੇ ਨੇ।

ਅਜ਼ਲ ਤੋਂ ਜਿੰਦ 'ਚ ਗ਼ਮ ਹੀ ਗ਼ਮ ਰਹੇ ਨੇ,
ਇਹ ਕੀ ਗ਼ਮ ਆਪਾਂ ਜਰੇ ਹੋਰ ਵੀ ਬੜੇ ਨੇ।

ਯਾਦ ਮਿਰੀ ਵਿਚ ਇਕ ਤੂੰ ਹੀ ਨਹੀਂ ਮਰਨਾ,
ਯਾਦ ਮਿਰੀ 'ਚ ਖ਼ਾਮੋਸ਼ ਮਰੇ ਹੋਰ ਵੀ ਬੜੇ ਨੇ।

ਤੇਰੀ ਰਾਹ ਵਿਚ ਮੈਂ ਹੀ ਰੁੱਖ ਨਹੀਂ ਬਣਿਆ,
ਰਾਹ 'ਚ ਬਣ ਰੁੱਖ ਖੜੇ ਹੋਰ ਵੀ ਬੜੇ ਨੇ।

ਕੀ ਹੋਇਆ ਜੇ ਤੂੰ ਮੈਨੂੰ ਭੁੱਲ ਜਾਵੇਂਗਾ ਯਾਰ,
ਯਾਦ ਕਰਨੇ ਨੂੰ ਮੈਨੂੰ ਖੜੇ ਹੋਰ ਵੀ ਬੜੇ ਨੇ।

ਢਾਅ ਲਾਈ ਹੈ ਤੂੰ ਇਸ਼ਕੇ ਦੇ ਕਿਨਾਰੇ ਨੂੰ,
ਜੀਣ ਲਈ ਸਹਾਰੇ ਫੜੇ ਹੋਰ ਵੀ ਬੜੇ ਨੇ।

ਭਾਵੇਂ ਨਾ ਜਗਾਵੀਂ ਤੂੰ ਚਰਾਗ਼ ਮੇਰੀ ਮਜ਼ਾਰ 'ਤੇ,
ਜਗਾਉਣ ਨੂੰ ਚਰਾਗ਼ ਖੜੇ ਹੋਰ ਵੀ ਬੜੇ ਨੇ।

ਯਾਰ ਦੇਵ ਨੇ ਹੈ ਤੈਨੂੰ ਹਰ ਰੰਗ 'ਚ ਵੇਖਿਆ
ਢਲਦੀ ਵਿਚ ਇਹ ਚੰਗੇ ਲਗਦੇ ਹੋਰ ਵੀ ਬੜੇ ਨੇ।

ਜਾਅ ਹਸ਼ਰ ਤੀਕ ਉਡੀਕੂ ਦੇਵ ਤੈਨੂੰ ਓ ਯਾਰਾ,
ਜਿੰਦ ਵਿਚ ਵੈਸੇ ਰਿਸ਼ਤੇ ਬਣੇ ਹੋਰ ਵੀ ਬੜੇ ਨੇ।

•

□

ਹਰ ਮੋੜ 'ਤੇ ਰੰਗ ਅਪਣਾ ਬਦਲ ਬਦਲ ਮਿਲਿਆ।
ਥਲ ਨੂੰ ਜਿਵੇਂ ਦਰਿਆ ਕੰਢਾ ਬਦਲ ਬਦਲ ਮਿਲਿਆ।

ਉਹ ਮੈਨੂੰ ਨਫ਼ਰਤ ਦੀਆਂ ਨਜ਼ਰਾਂ ਨਾਲ਼ ਤੱਕਦਾ ਰਿਹਾ,
ਉਹ ਜਦ ਵੀ ਮਿਲਿਆ ਰਸਤਾ ਬਦਲ ਬਦਲ ਮਿਲਿਆ।


ਪੀੜ ਦੀ ਗੰਢ ਵਿਚ ਘੁੱਟ ਲਪੇਟ ਗ਼ਮ ਦੇ ਕਾਰਵਾਂ ਨੂੰ,
ਮੈਂ ਰਾਹਾਂ ਵਿਚ ਕਹਿੰਦਾ ਵਸਲ ਵਸਲ ਮਿਲਿਆ।


ਤੇਰੇ ਉੱਪਰ ਦਸ ਕੀ ਸ਼ਿਕਵਾ ਗਿਲਾ ਕਰੀਏ ਯਾਰਾ,
ਮੈਨੂੰ ਤੂੰ ਭੌਰੇ ਵਾਂਗੂ ਸਾਰੀ ਉਮਰਾ ਬਦਲ ਬਦਲ ਮਿਲਿਆ।

ਰੱਬ ਸਮਾਜ ਤੇ ਰਿਸ਼ਤਿਆਂ ਤੋਂ ਜੇ ਡਰਨਾ [illegible],
ਫਿਰ ਦੇਵ ਨੂੰ ਤੂੰ ਕਿਉਂ ਕਰ ਯਾਰਾ ਕਤਲ ਕਤਲ ਮਿਲਿਆ।

•••

ਲੇਖਕ ਦੀ ਹੋਰ ਪੁਸਤਕ





ਬਲਦੇਵ ਸੀਹਰਾ ਦੇ ਲਹੂ ਵਿਚ ਵੀ ਸ਼ਾਇਰੀ ਰਚੀ ਵਸੀ ਹੋਈ ਹੈ, ਭਾਵੇਂ ਇਸਦਾ ਆਗਾਜ਼ ਦੇਰ ਨਾਲ਼ ਹੀ ਹੋਇਆ ਹੈ, ਪਰ ਉਸ ਦਾ ਦਿਲ ਇਹ ਦਰਦ ਤਾਂ ਸ਼ਾਇਦ ਬਾਲਪੁਣੇ ਤੋਂ ਹੀ ਆਪਣੇ ਅੰਦਰ ਸਾਂਭੀ ਬੈਠਾ ਸੀ, ਜਿਹੜਾ ਮੌਕਾ ਮਿਲਣ ਤੇ ਅਛੋਪਲੇ ਹੀ ਚਸ਼ਮੇ ਵਾਂਗ ਵਹਿ ਤੁਰਿਆ ਹੈ।

ਮੇਰਾ ਪੂਰਾ ਯਕੀਨ ਹੈ ਕਿ ਇਹ ਗ਼ਜ਼ਲ ਸੰਗ੍ਰਹਿ, "ਫ਼ਾਸਲੇ" ਨਾਲ਼ ਉਹ ਪੰਜਾਬੀ ਗ਼ਜ਼ਲ 'ਚ ਆਪਣਾ ਵਿਸ਼ੇਸ਼ ਥਾਂ ਬਣਾ ਲਵੇਗਾ।

-ਕ੍ਰਿਸ਼ਨ ਭਨੋਟ

ਵਿਸ਼ੇ ਦੀ ਗੱਲ ਨੂੰ ਛੱਡ ਕੇ ਜਦੋਂ ਗ਼ਜ਼ਲਾਂ ਦੀ ਬਣਤਰ ਤੇ ਬੁਣਤਰ ਨੂੰ ਦੇਖਦੇ ਹਾਂ ਤਾਂ ਪਤਾ ਨਹੀਂ ਕਿਉਂ, ਪੰਜਾਬੀ ਗ਼ਜ਼ਲ ਦਾ ਖ਼ਿਆਲ ਮੱਲੋਮੱਲੀ ਤੁਹਾਡੇ ਜ਼ਿਹਨ ਵਿਚ ਗੇੜੇ ਕੱਢਣ ਲੱਗ ਜਾਂਦਾ ਹੈ। ਤੁਸੀਂ ਇਹ ਵਿਕਾਸ ਬਲਦੇਵ ਦੇ ਗ਼ਜ਼ਲ ਸੰਗ੍ਰਹਿ ਵਿਚ ਬੜੀ ਆਸਾਨੀ ਨਾਲ਼ ਦੇਖ ਸਕਦੇ ਹੋ।

ਉਹ ਆਸ਼ਿਕ ਮਜ਼ਾਜ ਹੁੰਦਿਆਂ ਵੀ ਆਪਣੇ ਚੌਗਿਰਦੇ ਵਿਚ ਵਾਪਰ ਰਹੀਆਂ-ਸੋਜ਼ ਦੇ ਦਿਲ ਪਸੀਜਣ ਵਾਲੀਆਂ ਘਟਨਾਵਾਂ, ਮਨੁੱਖੀ ਜੀਵਨ ਤੇ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਤੋਂ ਵੀ ਮੁਤਾਸਰ ਹੋ ਸਕਦਾ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ ਬਲਦੇਵ ਨੇ ਵੀ ਕੁਝ ਇਸ ਤਰ੍ਹਾਂ ਕਰ ਦਿਖਾਇਆ ਹੈ।

-ਨਦੀਮ ਪਰਮਾਰ

Chetna Parkashan
Punjabi Bhawan, Ludhiana-141001
ISBN 938285296-4
9789382852964
Fasle
₹ 150/-

Photo by Ravinder Seehra